ਖਰੜਾ

# ਪੰਜਾਬ ਰਾਜ ਕਿਸਾਨ ਨੀਤੀ

**ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ**

ਜੂਨ, 2018

# ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ

**ਚੇਅਰਮੈਨ :** ਸ਼੍ਰੀ ਅਜੈ ਵੀਰ ਜਾਖੜ

**ਮੈਂਬਰਜ਼ (ਐਕਸ–ਆਫੀਸੀਓ) :** ਵਧੀਕ ਮੁੱਖ ਸਕੱਤਰ (ਵਿਕਾਸ)
ਵਾਈਸ ਚਾਂਸਲਰ, ਪੀ.ਏ.ਯੂ., ਲੁਧਿਆਣਾ
ਵਾਈਸ ਚਾਂਸਲਰ, ਗਡਵਾਸੂ, ਲੁਧਿਆਣਾ

**ਮੈਂਬਰ ਸਕੱਤਰ :** ਡਾ: ਬਲਵਿੰਦਰ ਸਿੰਘ ਸਿੱਧੂ

**ਆਪ ਆਪਣੇ ਕੀਮਤੀ ਸੁਝਾਅ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹੋ:–**


ਈ–ਮੇਲ : suggestion.psfc@gmail.com
ਵੱਟਸਐਪ : (Whatsapp) +91 172-5094103

ਪਤਾ :
**ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ**
ਪੰਜਾਬ ਮੰਡੀ ਭਵਨ, ਸੈਕਟਰ 65–ਏ, ਫੇਜ਼–11, ਐਸ.ਏ.ਐਸ. ਨਗਰ (ਮੁਹਾਲੀ)

## ਮੁੱਖ ਬੰਧ

ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ (ਪੀ.ਐਸ.ਐਫ.ਸੀ.) ਵਲੋਂ ਰਾਜ ਦੇ ਕਿਸਾਨਾਂ ਲਈ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ ਹੈ। ਰਾਜ ਵਿਚ ਪਹਿਲਾਂ ਅਜਿਹੀ ਕੋਈ ਨੀਤੀ ਨਾ ਹੋਣ ਕਰਕੇ ਇਹ ਕੰਮ ਹੋਰ ਵੀ ਚੁਣੌਤੀਪੂਰਨ ਬਣ ਗਿਆ ਹੈ। ਇਹ ਕੋਈ ਆਦਰਸ਼ ਨੀਤੀ ਦਸਤਾਵੇਜ਼ ਬਣਾਉਣ ਦਾ ਯਤਨ ਨਹੀਂ ਹੈ ਜੋ ਸਭ ਧਿਰਾਂ ਦੀਆ ਉਮੀਦਾਂ 'ਤੇ ਖਰਾ ਉਤਰਦਾ ਹੋਵੇ ਸਗੋਂ ਇਹ ਇਕ ਅਜਿਹੀ ਵਿਹਾਰਕ ਨੀਤੀ ਤਿਆਰ ਕਰਨ ਦੀ ਕੋਸ਼ਿਸ਼ ਹੈ ਜੋ ਰਾਜ ਦੇ ਬਹੁਗਿਣਤੀ ਕਿਸਾਨਾਂ ਦੇ ਲੰਮਚਿਰੇ ਹਿੱਤਾਂ ਨੂੰ ਪੂਰ ਸਕੇ।

ਇਹ ਦਸਤਾਵੇਜ਼ ਵੱਖ ਵੱਖ ਧਿਰਾਂ ਨਾਲ ਹੋਏ ਬਹੁ-ਪੱਖੀ ਵਿਚਾਰ ਵਟਾਂਦਰੇ ਦਾ ਸਿੱਟਾ ਹੈ। ਕਮਿਸ਼ਨ ਵੱਲੋਂ ਨੀਤੀ ਤਿਆਰ ਕਰਦੇ ਸਮੇਂ ਪੰਜਾਬ ਸਰਕਾਰ ਅਤੇ ਕਿਸਾਨਾਂ ਦੀ ਵਿੱਤੀ ਸਥਿਤੀ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਨੀਤੀ ਸਬੰਧੀ ਦਿੱਤੇ ਗਏ ਸੁਝਾਅ ਸੰਪੂਰਣ ਨਹੀਂ ਸੰਕੇਤਕ ਹਨ ਅਤੇ ਇਹ ਪੰਜਾਬ ਦੇ ਕਿਸਾਨਾਂ ਨੂੰ ਖੁਸ਼ਹਾਲ ਅਤੇ ਬੇਹਤਰ ਜ਼ਿੰਦਗੀ ਮੁਹੱਈਆਂ ਕਰਵਾਉਣ ਦੇ ਰਸਤੇ 'ਤੇ ਪਾਉਣ ਦੇ ਇੱਛੁਕ ਹਨ।

ਇਸ ਨੀਤੀ ਦੇ ਖਰੜੇ ਨੂੰ ਹੋਰ ਬਿਹਤਰ ਬਨਾਉਣ ਲਈ ਕਮਿਸ਼ਨ ਆਪ ਨੂੰ ਇਸ ਸਬੰਧੀ ਆਪਣੇ ਕੀਮਤੀ ਸੁਝਾਅ ਅਤੇ ਟਿੱਪਣੀਆਂ ਦੇਣ ਦੀ ਬੇਨਤੀ ਕਰਦਾ ਹੈ।

ਚੇਅਰਮੈਨ
ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ

# ਪੰਜਾਬ ਰਾਜ ਕਿਸਾਨ ਨੀਤੀ


ਪੰਨਾ ਨੰ:

**I. ਭੂਮਿਕਾ**

1. ਸੰਖੇਪ ਇਤਿਹਾਸਕ ਪਰਿਪੇਖ 35
2. ਸੂਬਾਈ ਸਮਰੱਥਾ ਤੋਂ ਬਾਹਰ ਦੀਆਂ ਚੁਣੌਤੀਆਂ 39

**II. ਦ੍ਰਿਸ਼ਟੀਕੋਣ** 41

**III. ਕਿਸਾਨ ਦੀ ਪ੍ਰੀਭਾਸ਼ਾ** 41

**IV. ਉਦੇਸ਼** 41

**V. ਨੀਤੀ ਦੇ ਮੁੱਦੇ**

ੳ) ਪ੍ਰਸ਼ਾਸਨਿਕ ਪਹਿਲੂ 42
ਅ) ਸਮਾਜਕ ਤੇ ਆਰਥਿਕ ਵਿਕਾਸ 44
ੲ) ਮੌਸਮੀ ਤਬਦੀਲੀ, ਹੰਢਣਸਾਰਤਾ ਅਤੇ ਜੈਵਿਕ ਵੰਨ-ਸੁਵੰਨਤਾ 47
ਸ) ਜ਼ਮੀਨ 48
ਹ) ਪਾਣੀ ਅਤੇ ਬਿਜਲੀ 49
ਕ) ਫ਼ਸਲ-ਪਾਲਣ 51
ਖ) ਪਸ਼ੂ ਪਾਲਣ, ਮੱਛੀ ਪਾਲਣ ਤੇ ਹੋਰ ਸਹਾਇਕ ਧੰਦੇ 53
ਗ) ਖੇਤੀਬਾੜੀ ਖੋਜ ਅਤੇ ਸਿੱਖਿਆ 56
ਘ) ਖੇਤੀ ਵਿਸਥਾਰ ਸੇਵਾਵਾਂ 58
ਙ) ਕਟਾਈ ਤੋਂ ਬਾਅਦ ਸੰਭਾਲ, ਮੁੱਲ ਵਾਧਾ ਅਤੇ ਮੰਡੀਕਰਨ 59
ਚ) ਕਰਜ਼ ਅਤੇ ਆਫ਼ਤ ਪ੍ਰਬੰਧਨ 61
ਛ) ਖੇਤੀ ਮਸ਼ੀਨੀਕਰਨ 63

**VI. ਸਿੱਟਾ** 64

# I. ਭੂਮਿਕਾ

## 1. ਸੰਖੇਪ ਇਤਿਹਾਸਕ ਪਰਿਪੇਖ

ਦੇਸ਼ ਦੀ ਆਜ਼ਾਦੀ ਦੇ ਸਮੇਂ ਅਣਵੰਡੇ ਪੰਜਾਬ ਦੀ ਵਿਰਾਸਤੀ ਭੂਮੀ ਦਾ ਘੱਟ ਉਪਜਾਊ ਹਿੱਸਾ ਭਾਰਤੀ ਪੰਜਾਬ ਦੇ ਹਿੱਸੇ ਆਇਆ। ਪਰ ਕਰੀਬ ਦੋ ਦਹਾਕਿਆਂ ਤੋਂ ਕੁਝ ਵੱਧ ਦੇ ਅਰਸੇ ਵਿਚ ਹੀ ਪੰਜਾਬ ਹਰੀ ਕ੍ਰਾਂਤੀ ’ਤੇ ਖ਼ੁਸ਼ਹਾਲ ਕਿਸਾਨੀ ਦੀ ਵਧੀਆ ਮਿਸਾਲ ਬਣ ਕੇ ਉਭਰਿਆ, ਜਿਸ ਨੂੰ ਹੋਰ ਰਾਜਾਂ ਵੱਲੋਂ ਅਪਣਾਏ ਜਾਣ ਦੀ ਹਾਲੇ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੇਸ਼ ਦੀ ਅੰਨਸੁਰੱਖਿਆ ਦੇ ਸਨਮੁੱਖ 1950 ਦੇ ਦਹਾਕੇ ਤੋਂ ਹੀ ਵੱਡੇ ਪੱਧਰ ’ਤੇ ਸਰਕਾਰੀ ਨਿਵੇਸ਼ ਦੁਆਰਾ ਖੇਤੀਬਾੜੀ ਲਈ ਬੁਨਿਆਦੀ ਢਾਂਚੇ ਦੀ ਸਥਾਪਨਾ ਕੀਤੀ ਗਈ ਸੀ। ਇਹ ਨਿਵੇਸ਼ ਮੁੱਖ ਰੂਪ ਵਿਚ ਸਿੰਚਾਈ ਅਤੇ ਦਿਹਾਤੀ ਬਿਜਲੀਕਰਨ ਦੇ ਵਿਕਾਸ, ਖੇਤੀਬਾੜੀ ਖੋਜ ਅਤੇ ਪ੍ਰਸਾਰ ਸੇਵਾਵਾਂ, ਸਹਿਕਾਰੀ ਕਰਜ਼ ਢਾਂਚੇ ਦੀ ਮਜ਼ਬੂਤੀ ਅਤੇ ਮੰਡੀਕਰਨ ਦੇ ਵਿਸਥਾਰ ਲਈ ਕੀਤਾ ਗਿਆ। ਇਸ ਦੇ ਨਾਲ-ਨਾਲ ਹੀ ਭੂਮੀ ਸੁਧਾਰਾਂ ਨੂੰ ਤਰਜੀਹ ਦਿੱਤੀ ਗਈ। ਇਨ੍ਹਾਂ ਕੋਸ਼ਿਸ਼ਾਂ ਸਦਕਾ ਹਰੀ ਕ੍ਰਾਂਤੀ ਤੋਂ ਪਹਿਲਾਂ ਹੀ (ਸਾਲ 1950-51 ਤੋਂ 1964-65 ਦੌਰਾਨ) ਪੰਜਾਬ ਦੇ ਖੇਤੀਬਾੜੀ ਖੇਤਰ ਦੀ ਵਿਕਾਸ ਦਰ ਸਲਾਨਾ 4.6 ਫ਼ੀਸਦੀ ਰਹੀ।

1960 ਦੇ ਦਹਾਕੇ ਦੇ ਅੰਤਲੇ ਸਾਲਾਂ ਦੌਰਾਨ ਕਿਸਾਨਾਂ ਦੁਆਰਾ ਨਵੀਆਂ ਉਤਪਾਦਨ ਤਕਨੀਕਾਂ ਅਪਣਾਉਣ ਦੇ ਨਾਲ-ਨਾਲ, ਮਾਰਕੀਟਿੰਗ ਤੇ ਭੰਡਾਰਨ ਢਾਂਚੇ ਦੇ ਵਿਸਥਾਰ, ਵਾਧੂ ਅਨਾਜ ਦੇ ਸੁਚੱਜੇ ਖਰੀਦ ਪ੍ਰਬੰਧ, ਸੁਨਿਸ਼ਚਿਤ ਬਾਜ਼ਾਰ ਦੀ ਸਹੂਲਤ, ਹੋਰਨਾਂ ਫ਼ਸਲਾਂ ਦੇ ਮੁਕਾਬਲੇ ਝੋਨੇ ਤੇ ਕਣਕ ਦਾ ਬਿਹਤਰ ਝਾੜ ਅਤੇ ਆਮਦਨ ਅਤੇ ਲਾਭ ਵਿਚ ਵਾਧੇ ਦੇ ਨਾਲ-ਨਾਲ ਸੰਸਥਾਈ ਪ੍ਰਬੰਧਾਂ ਦਾ ਵਿਕਾਸ ਹੋਣ ਕਰਕੇ ਕਣਕ ਤੇ ਝੋਨੇ ਦੀ ਕਾਸ਼ਤ ਹੇਠ ਰਕਬੇ ਵਿਚ ਬਹੁਤ ਵਾਧਾ ਹੋਇਆ।

ਇਸ ਕਾਰਨ ਹੋਰਨਾਂ ਫ਼ਸਲਾਂ ਦੀ ਕਾਸ਼ਤ ਹੇਠਲੇ ਰਕਬੇ ਵਿਚ ਧੀਮੀ ਗਤੀ ਨਾਲ ਪਰ ਨਿਰੰਤਰ ਕਮੀ ਹੁੰਦੀ ਚਲੀ ਗਈ। ਖੇਤੀ ਦੇ ਧੰਦੇ ਨੂੰ ਸਮਾਬੱਧ ਤੇ ਪੁਖਤਾ ਬਣਾਉਣ ਵਿਚ ਖੇਤੀ ਮਸ਼ੀਨੀਕਰਨ ਦਾ ਅਹਿਮ ਰੋਲ ਰਿਹਾ ਹੈ। ਇਸ ਸਮੇਂ ਦੌਰਾਨ ਕਣਕ ਅਤੇ ਝੋਨੇ ਦੇ ਵਿਕਾਸ ਦੀ ਰੂਪ-ਰੇਖਾ ਨੂੰ ਅਨੁਲੱਗ-1 ਵਿਚ ਦਰਸਾਇਆ ਗਿਆ ਹੈ।

ਹਰੀ ਕ੍ਰਾਂਤੀ ਦੌਰਾਨ ਖੇਤੀਬਾੜੀ ਵਿਚ ਲਗਾਤਾਰ ਨਿਵੇਸ਼ ਸਦਕਾ ਪੰਜਾਬ ਵਿਚ ਚੌਤਰਫਾ ਆਰਥਿਕ ਵਿਕਾਸ ਹੋਇਆ। ਸਮਾਜਿਕ ਬੁਨਿਆਦੀ ਢਾਂਚਾ, ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਖੇਤਰ ਦਾ ਪ੍ਰਸਾਰ ਹੋਣ ਦੇ ਨਾਲ ਨਾਲ ਰਾਜ ਵਿਚ ਛੋਟੇ ਪੱਧਰ ’ਤੇ ਖੇਤੀਬਾੜੀ ਸੰਦਾਂ ਦੇ ਨਿਰਮਾਣ, ਢੋਆ-ਢੁਆਈ ਅਤੇ ਸਬੰਧਤ ਸੇਵਾਵਾਂ ਦੀ ਸ਼ੁਰੂਆਤ ਅਤੇ ਵਿਕਾਸ ਹੋਇਆ। ਰਾਜ ਵਿਚ ਖੇਤੀਬਾੜੀ ਪ੍ਰਸਾਰ ਸੇਵਾਵਾਂ ਦੀ ਕਿਸਾਨਾਂ ਤੱਕ ਵਿਆਪਕ ਪਹੁੰਚ, ਸਿੱਖਿਅਤ ਪ੍ਰਸਾਰ ਮਾਹਿਰਾਂ ਦੀ ਉਪਲਬਧਤਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਤਕਨੀਕੀ ਅਗਵਾਈ ਨੇ ਵੀ ਖੇਤੀਬਾੜੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ।

ਰਵਾਇਤੀ ਖੇਤੀ ਦੀ ਆਧੁਨਿਕ ਖੇਤੀ ਵਿਚ ਤਬਦੀਲੀ ਦੇ ਕਾਰਨ ਪੂੰਜੀ ਦੀ ਮੰਗ ਵੱਧ ਗਈ । ਪੰਜਾਬ ਵਿਚ ਸਹਿਕਾਰੀ ਢਾਂਚਾ ਬਹੁਤ ਚੰਗੀ ਤਰ੍ਹਾਂ ਵਿਕਸਤ ਹੈ ਪ੍ਰੰਤੂ ਇਹ ਸਿਆਸੀ ਦਖਲ-ਅੰਦਾਜ਼ੀ ਦਾ ਸ਼ਿਕਾਰ ਹੈ। ਫਿਰ ਵੀ ਸਹਿਕਾਰੀ ਸੰਸਥਾਵਾਂ, ਲੈਂਡ ਮਾਰਗੇਜ਼ ਅਤੇ ਵਪਾਰਕ ਬੈਂਕਾਂ ਰਾਹੀਂ ਵੱਧ ਰਹੀ ਕਰਜ਼ੇ ਦੀ ਮੰਗ ਨੂੰ ਕਾਫੀ ਹੱਦ ਤੱਕ ਪੂਰਾ ਕੀਤਾ ਗਿਆ। ਪੰਜਾਬ ਕੋਲ ਕਰੀਬ ਸੌ ਲੱਖ ਏਕੜ ਕਾਸ਼ਤਯੋਗ ਜ਼ਮੀਨ ਹੈ ਅਤੇ ਇਸ ਲਈ ਨਿਯਮਾਂ ਅਨੁਸਾਰ ਅੰਦਾਜ਼ਨ ਪ੍ਰਤੀ ਸੀਜ਼ਨ ਲਗਪਗ 24,000 ਕਰੋੜ ਰੁਪਏ ਦੇ ਘੱਟ-ਮਿਆਦੀ ਕਰਜ਼ੇ ਦੀ ਹੱਦ ਨਿਸ਼ਚਤ ਹੈ ਜਦਕਿ ਸਾਰੀਆਂ ਬੈਂਕਾਂ ਵਲੋਂ ਤਕਰੀਬਨ 60,000 ਕਰੋੜ ਰੁਪਏ ਦਾ ਘੱਟ-ਮਿਆਦੀ ਕਰਜ਼ਾ ਕਿਸਾਨਾਂ ਨੂੰ ਦਿੱਤਾ ਗਿਆ। ਰਾਜ ਵਿਚ ਕੁੱਲ 26 ਲੱਖ ਕਿਸਾਨ ਹਨ ਜਦਕਿ ਸਾਰੀਆਂ ਬੈਂਕਾਂ ਵਲੋਂ ਲੱਗਭੱਗ 40 ਲੱਖ ਕਿਸਾਨ ਕ੍ਰੈਡਿਟ ਕਾਰਡ ਜਾਰੀ ਕੀਤੇ ਹੋਏ ਹਨ। ਗਿਆਰਾਂ ਸਾਲਾਂ ਦੌਰਾਨ (2004-05 ਤੋਂ 2015-16 ਤੱਕ) ਰਾਜ ਵਿਚ ਖੇਤੀਬਾੜੀ ਲਈ ਕਰਜ਼ੇ ਦੀ ਰਕਮ 8 ਗੁਣਾ ਵਧੀ ਜਦਕਿ ਪੈਦਾਵਾਰ ਵਿਚ ਸਿਰਫ 1.11 ਗੁਣਾ ਵਾਧਾ ਹੋਇਆ। ਇਹ ਤੱਥ ਕਰਜ਼ੇ ਦੀ ਗੁਣਵੱਤਾ, ਵਰਤੋਂ ਅਤੇ ਨਿਗਰਾਨ ਪ੍ਰਣਾਲੀ ਦੀ ਅਪੂਰਨਤਾ ਨੂੰ ਦਰਸਾਉਂਦੇ ਹਨ। ਰਾਜ ਵਿਚ ਅੰਦਾਜ਼ਨ 8.7 ਹੈਕਟੇਅਰ ਵਾਹੀਯੋਗ ਰਕਬੇ ਪਿੱਛੇ ਇਕ ਟਰੈਕਟਰ ਹੈ, ਪ੍ਰੰਤੂ ਆਰਥਿਕ ਵਿਹਾਰਿਕਤਾ ਦੇ ਲਿਹਾਜ਼ ਤੋਂ ਲੋੜੀਂਦੇ ਹਜ਼ਾਰ ਘੰਟੇ ਦੀ ਸਲਾਨਾ ਉਪਯੋਗਤਾ ਦੇ ਸਨਮੁੱਖ ਰਾਜ ਵਿਚ ਟਰੈਕਟਰ ਦੀ ਔਸਤ ਉਪਯੋਗਤਾ 40 ਫ਼ੀਸਦੀ ਤੋਂ ਵੀ ਘੱਟ ਹੈ । ਵੱਧ ਰਹੇ ਕਰਜ਼ਿਆਂ ਅਤੇ ਟੁੱਟ ਰਹੇ ਸਮਾਜਿਕ ਤਾਣੇ-ਬਾਣੇ ਕਾਰਨ ਪਿਛਲੇ ਦੋ ਦਹਾਕਿਆਂ ਦੌਰਾਨ ਬਹੁਤ ਸਾਰੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਲੋਂ ਖ਼ੁਦਕੁਸ਼ੀਆਂ ਕੀਤੀਆਂ ਗਈਆਂ।

ਟਿਊਬਵੈਲਾਂ ਉਤੇ ਵਧੇਰੇ ਨਿਰਭਰਤਾ ਅਤੇ ਇਨ੍ਹਾਂ ਕਾਰਨ ਡੂੰਘੇ ਹੋ ਰਹੇ ਜ਼ਮੀਨ ਹੇਠਲੇ ਪਾਣੀ ਬਾਰੇ ਵੇਰਵਿਆਂ ਨੂੰ ਅਨੁਲੱਗ-2 ਵਿਚ ਦਰਸਾਇਆ ਗਿਆ ਹੈ। ਪੰਜਾਬ ਦੇ ਕੁੱਲ ਕਾਸ਼ਤਯੋਗ ਖੇਤਰ ਵਿਚ ਔਸਤਨ ਪ੍ਰਤੀ ਵਰਗ ਕਿਲੋਮੀਟਰ ਵਿਚ (2015-16) 34 ਟਿਊਬਵੈਲ ਹਨ। ਰਾਜ ਸਰਕਾਰ ਦੀ ਖੇਤੀਬਾੜੀ ਲਈ ਮੁਫ਼ਤ ਬਿਜਲੀ ਸਪਲਾਈ ਅਤੇ ਕੇਂਦਰ ਸਰਕਾਰ ਦੁਆਰਾ ਝੋਨੇ ਦੀ ਕਾਸ਼ਤ ਨੂੰ ਵਧੇਰੇ ਉਤਸ਼ਾਹਿਤ ਕਰਨ ਦੀ ਨੀਤੀ ਨੇ ਜ਼ਮੀਨ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਨੂੰ ਵੀ ਹੱਲਾਸ਼ੇਰੀ ਦਿੱਤੀ ਹੈ । ਇਸ ਦੇ ਨਤੀਜੇ ਵੱਜੋਂ ਪੰਜਾਬ ਦੇ 148 ਬਲਾਕਾਂ ਵਿਚੋਂ 110 ਬਲਾਕ ਜ਼ਮੀਨਦੋਜ ਪਾਣੀ ਦੀ ਬਹੁਤ ਜਿਆਦਾ ਵਰਤੋਂ (ਓਵਰ ਐਕਸਪਲਾਇਟਿਡ) ਕਰ ਰਹੇ ਹਨ, ਜਿੱਥੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ । ਸਥਿਤੀ ਇਕ ਬੇਹੱਦ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਵਸੀਲਿਆਂ ਨੂੰ ਬਚਾ ਕੇ ਰੱਖਣ ਲਈ ਫ਼ੈਸਲਾਕੁਨ ਤੇ ਪੜਾਅਵਾਰ ਤਬਦੀਲੀ ਮੁੱਢਲੀ ਲੋੜ ਬਣ ਗਈ ਹੈ।

1980 ਦੇ ਦਹਾਕੇ ਦੇ ਮੱਧ ਤੱਕ ਪੈਦਾਵਾਰੀ ਤਕਨੀਕਾਂ ਨੇ ਕਿਸਾਨਾਂ ਨੂੰ ਕਾਫੀ ਫਾਇਦਾ ਦਿੱਤਾ ਪ੍ਰੰਤੂ ਉਸ ਤੋਂ ਬਾਅਦ ਖੇਤੀਬਾੜੀ ਵਿਕਾਸ ਦੀ ਦਰ ਵਿਚ ਕਮੀ ਆਉਣ ਲੱਗੀ ਅਤੇ ਇਸਦੇ ਨਾਲ ਹੀ ਝੋਨੇ ਅਤੇ ਕਣਕ ਦੇ ਝਾੜ ਵਿਚ ਵਾਧਾ ਵੀ ਮੱਠਾ ਪੈਣ ਲੱਗ ਪਿਆ। ਕੌਮੀ ਖ਼ੁਰਾਕ ਸੁਰੱਖਿਆ ਲੋੜਾਂ ਦੀ ਨੀਤੀ ਤੋਂ ਸੇਧ ਲੈਂਦਿਆਂ ਪੰਜਾਬ ਨੇ ਝੋਨੇ ਅਤੇ ਕਣਕ ਅਧੀਨ ਰਕਬੇ ਨੂੰ ਵਧਾ ਕੇ ਪੈਦਾਵਾਰ ਅਤੇ ਝਾੜ ਵਿਚ ਵਾਧੇ ਲਈ ਜ਼ੋਰ ਅਜ਼ਮਾਈ ਜਾਰੀ ਰੱਖੀ ਜਿਸ ਕਾਰਨ ਉਤਪਤੀ ਸਰੋਤਾਂ ਦੇ ਅਧਾਰ (ਜੈਨੇਟਿਕ ਰਿਸੋਰਸਜ ਬੇਸ) ਵਿਚ ਬਹੁਤ ਹੀ ਕਮੀ ਆ

ਗਈ। ਹੁਣ ਨੌਬਤ ਇੱਥੋਂ ਤੱਕ ਪਹੁੰਚ ਗਈ ਹੈ ਕਿ ਪੈਦਾਵਾਰ ਤੇ ਉਤਪਾਦਕਤਾ ਵਿਚ ਨਿਰੰਤਰ ਹੋਰ ਵਾਧਾ ਆਰਥਿਕ ਪੱਖੋਂ ਲਾਹੇਵੰਦ ਅਤੇ ਵਾਤਾਵਰਨ ਲਈ ਟਿਕਾਊ ਨਹੀਂ ਰਿਹਾ ਹੈ।

ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ ਦੇ ਰੂਪ ਵਿਚ ਇਕ ਖਾਸ ਖੇਤਰੀ ਬੰਦਸ਼ ਪੈਦਾ ਹੋ ਗਈ ਹੈ । ਝੋਨੇ ਦੀ ਫ਼ਸਲ ਦਾ ਬਦਲ ਮੁਢਲੀ ਲੋੜ ਬਣ ਗਿਆ ਹੈ ।ਆਰਥਿਕ ਤੌਰ 'ਤੇ ਖੇਤੀਬਾੜੀ ਤੋਂ ਹੋਣ ਵਾਲੀ ਆਮਦਨ ਹੋਰਨਾਂ ਖੇਤਰਾਂ ਤੋਂ ਹੋਣ ਵਾਲੀ ਆਮਦਨ ਦੇ ਮੁਕਾਬਲੇ ਘੱਟ ਵਧੀ ਹੈ । ਆਮ ਤੌਰ ਤੇ ਵਧੇਰੇ ਮੁੱਲ ਵਾਲੀਆਂ ਫ਼ਸਲਾਂ ਨੂੰ ਅਪਨਾਉਣ ਦੀ ਪੈਰਵੀ ਕੀਤੀ ਜਾਂਦੀ ਹੈ ।ਪੰਜਾਬ ਬਾਗਵਾਨੀ ਉਤਪਾਦ ਬਾਹਰੋਂ ਮੰਗਵਾਉਂਦਾ ਹੈ । ਰਾਜ ਵਿਚ ਲਗਾਏ ਗਏ ਗਰੀਨ ਹਾਊਸਾਂ ਵਿਚੋਂ 70 ਫ਼ੀਸਦੀ ਆਰਥਿਕ ਤੌਰ ਤੇ ਲਾਹੇਵੰਦ ਨਹੀਂ ਹਨ, ਇਹ ਤੱਥ ਦਰਸਾਉਂਦਾ ਹੈ ਕਿ ਬਾਗਵਾਨੀ ਨੂੰ ਅਪਨਾਉਣ ਲਈ ਵਧੇਰੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੈਰ-ਰਵਾਇਤੀ ਖੇਤੀਬਾੜੀ ਨੂੰ ਪ੍ਰਚੱਲਤ ਕਰਨ ਲਈ ਸਿਖਲਾਈ ਪ੍ਰਾਪਤ ਅਮਲੇ/ਬਿਹਤਰ ਪ੍ਰਸਾਰ ਸੇਵਾਵਾਂ ਦੀ ਘਾਟ ਹੈ ।ਭਾਵੇਂ ਰਾਜ ਵਲੋਂ ਕਿਸਾਨਾਂ ਨੂੰ ਲਗਾਤਾਰ ਸਮਰਥਨ ਦੀ ਜਰੂਰਤ ਹੈ, ਪ੍ਰੰਤੂ ਖੇਤੀਬਾੜੀ ਵਿਕਾਸ ਨੂੰ ਸਥਾਈ/ਟਿਕਾਊ ਬਨਾਉਣ ਲਈ ਮੌਜੂਦਾ ਖੇਤੀਬਾੜੀ ਵਿਕਾਸ ਪ੍ਰੋਗਰਾਮਾਂ ਦੀ ਰੂਪ-ਰੇਖਾ ਵਿਚ ਵੀ ਤਬਦੀਲੀ ਦੀ ਲੋੜ ਹੈ ।

ਖੇਤੀਬਾੜੀ ਅਤੇ ਪਸ਼ੂਪਾਲਨ ਵਿਭਾਗ ਵਿਚ ਨਾ ਕੇਵਲ ਸਟਾਫ ਦੀ 50 ਫ਼ੀਸਦੀ ਘਾਟ ਹੈ ਬਲਕਿ ਰਾਜ ਵਿਚ ਪ੍ਰਸਾਰ ਸੇਵਾਵਾਂ ਅਮਲੇ ਦੀ ਤਾਇਨਾਤੀ ਵੀ ਇਕਸਾਰ ਨਹੀਂ ਹੈ । ਇਤਿਹਾਸਕ ਤੌਰ 'ਤੇ ਖੇਤੀਬਾੜੀ ਸਮੱਗਰੀ/ਇਨਪੁੱਟਸ ਦਾ ਮਿਆਰ ਸੁਨਿਸ਼ਚਿਤ ਕਰਨ ਸਬੰਧੀ ਨਿਯਮਾਂ ਨੂੰ ਲਾਗੂ ਕਰਨ ਵਿਚ ਬਹੁਤ ਕਮਜ਼ੋਰੀ ਰਹੀ ਹੈ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਨਿਯਮਾਂ ਅਧੀਨ ਦੋਸ਼ੀਆਂ ਨੂੰ ਸਜਾ ਦੀ ਦਰ ਅਸਧਾਰਨ ਤੌਰ ਤੇ ਘੱਟ ਹੈ।

ਖੇਤੀਬਾੜੀ ਦੇ ਕੁੱਲ ਘਰੇਲੂ ਉਤਪਾਦ ਵਿਚ ਪਸ਼ੂਧਨ ਉਤਪਾਦ ਦੀ ਹਿੱਸੇਦਾਰੀ ਲਗਾਤਾਰ ਵੱਧ ਰਹੀ ਹੈ ਅਤੇ ਸਾਲ 2015-16 ਦੌਰਾਨ ਕੁੱਲ ਖੇਤੀਬਾੜੀ ਘਰੇਲੂ ਉਤਪਾਦ ਵਿਚ ਇਸ ਦਾ ਯੋਗਦਾਨ 31.86 ਫ਼ੀਸਦੀ ਰਿਹਾ ਹੈ । ਪਸ਼ੂਧਨ ਤੋਂ ਪ੍ਰਾਪਤ ਕੁੱਲ ਘਰੇਲੂ ਉਤਪਾਦਨ ਵਿਚ ਡੇਅਰੀ ਦੀ ਇਕ ਮਹੱਤਵਪੂਰਨ ਭੂਮਿਕਾ ਹੈ । ਰਾਜ ਵਿਚ ਪਸ਼ੂਧਨ ਦੇ ਕੁੱਲ ਘਰੇਲੂ ਉਤਪਾਦ ਵਿਚ 80 ਫ਼ੀਸਦੀ ਹਿੱਸਾ ਦੁੱਧ ਉਤਪਾਦਨ ਦਾ ਰਿਹਾ ਹੈ। ਇਸ ਵੇਲੇ ਰਾਜ ਵਿਚ 6000 ਪਸ਼ੂਆਂ ਪਿੱਛੇ ਇਕ ਵੈਟਰਨਰੀ ਮਾਹਿਰ ਹੈ। ਪਸ਼ੂਧਨ ਖੇਤਰ ਵਿੱਚ ਐਂਟੀ-ਬਾਇਓਟਿਕ ਦਵਾਈਆਂ ਦੀ ਵਧੇਰੇ ਅਤੇ ਅਨਿਯਮਿਤ ਵਰਤੋਂ ਚਿੰਤਾ ਦਾ ਵਿਸ਼ਾ ਹੈ।

ਅੱਜ ਦੀਆਂ ਚੁਣੌਤੀਆਂ ਅਤੀਤ ਦੀਆਂ ਸਫਲਤਾਵਾਂ ਦਾ ਸਿੱਟਾ ਹਨ।

1970-71 ਵਿਚ ਖੇਤੀਬਾੜੀ ਕਾਮਿਆਂ ਦੀ ਸੰਖਿਆ 24.50 ਲੱਖ ਸੀ ਜੋ ਕਿ 2015-16 ਵਿਚ ਵੱਧ ਕੇ 35.22 ਲੱਖ ਹੋ ਗਈ, ਪਰ ਇਸ ਅਰਸੇ ਦੋਰਾਨ ਕੁੱਲ ਕਾਮਿਆਂ ਵਿਚ ਖੇਤੀਬਾੜੀ ਕਾਮਿਆਂ ਦਾ ਹਿੱਸਾ 62.70 ਫ਼ੀਸਦੀ ਤੋਂ ਘਟ ਕੇ 35.59 ਫ਼ੀਸਦੀ ਰਹਿ ਗਿਆ । ਭਾਵੇਂ ਲੁੱਕਵੀਂ ਬੇਰੁਜ਼ਗਾਰੀ ਤਾਂ ਹੈ, ਪਰ ਖੇਤੀਬਾੜੀ ਅਜੇ ਵੀ ਕਿਰਤ ਸ਼ਕਤੀ ਦੇ ਵੱਡੇ ਹਿੱਸੇ ਨੂੰ ਰੁਜ਼ਗਾਰ ਦੇ ਰਹੀ ਹੈ।

ਪਹਾੜੀ ਰਾਜਾਂ ਨੂੰ ਮਿਲੀਆਂ ਟੈਕਸ ਵਿਚ ਛੋਟਾਂ ਕਾਰਨ ਪੰਜਾਬ ਦੀ ਸਨਅਤ ਨੂੰ ਵੀ ਨੁਕਸਾਨ ਪਹੁੰਚਿਆ ਹੈ । ਇਸ ਨਾਲ ਪੰਜਾਬ ਦੇ ਨੌਜਵਾਨਾਂ ਲਈ ਖੇਤੀ ਤੋ ਬਾਹਰ ਪੈਦਾ ਹੋਣ ਵਾਲੇ ਰੁਜ਼ਗਾਰ ਦੇ ਅਵਸਰਾਂ ਤੇ ਮਾੜਾ ਪ੍ਰਭਾਵ ਪਿਆ ਹੈ। ਪੰਜਾਬ ਵਿੱਚ ਖੇਤਬਾੜੀ ਤੇ ਨਿਰਭਰ ਪਰਿਵਾਰਾਂ ਦੀ ਪ੍ਰਤੀ ਘਰ (ਹਾਊਸਹੋਲਡ) ਦੀ ਔਸਤਨ ਸਾਲਾਨਾ ਆਮਦਨ 2,16,708/- ਰੁਪਏ ਹੈ ਜੋ ਅਜੇ ਤੱਕ ਦੇਸ਼ ਵਿੱਚ ਸਭ ਤੋਂ ਵਧ ਹੈ। ਖੇਤੀਬਾੜੀ ਅਧਾਰਿਤ ਪ੍ਰੀਵਾਰ ਦੀ ਪ੍ਰਤੀ ਘਰ ਆਮਦਨ ਵਿੱਚ ਗ਼ੈਰ-ਖੇਤੀਬਾੜੀ ਖੇਤਰ ਦਾ ਯੋਗਦਾਨ ਲਗਪਗ 4.2 ਫ਼ੀਸਦੀ ਹੈ ਜੋ ਰਾਸ਼ਟਰੀ ਔਸਤ ਨਾਲੋਂ ਅੱਧਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਰਾਜ ਵਿਚ ਖੇਤੀਬਾੜੀ ਵਾਲੇ ਘਰ ਤਕਰੀਬਨ ਪੂਰੀ ਤਰ੍ਹਾਂ ਖੇਤੀ ਤੋਂ ਹੋਣ ਵਾਲੀ ਆਮਦਨ 'ਤੇ ਹੀ ਨਿਰਭਰ ਹਨ ਅਤੇ ਇਨ੍ਹਾਂ ਘਰਾਂ ਵਿਚ ਕੰਮ-ਧੰਦਿਆਂ ਦੀ ਵਿਭਿੰਨਤਾ ਬਹੁਤ ਹੀ ਘੱਟ ਹੈ ।

ਪਿਛਲੇ ਕੁਝ ਸਾਲਾਂ ਦੌਰਾਨ ਪੈਦਾਵਾਰ ਵਿੱਚ ਲਗਭਗ ਖੜੋਤ, ਖੇਤੀ ਜੋਤਾਂ ਦੀ ਵੰਡ ਅਤੇ ਉਤਪਾਦਨ ਲਾਗਤਾਂ ਵਿਚ ਵਾਧੇ ਕਰ ਕੇ ਖੇਤੀਬਾੜੀ ਅਤੇ ਗ਼ੈਰ-ਖੇਤੀਬਾੜੀ ਖੇਤਰਾਂ ਦਰਮਿਆਨ ਪ੍ਰਤੀ ਜੀਅ ਆਮਦਨ ਵਿਚ ਪਾੜਾ ਵੱਧ ਗਿਆ ਹੈ। ਇਹ ਦਿਹਾਤੀ ਖੇਤਰ ਵਿੱਚ ਬਦਲਵੇਂ ਰੁਜ਼ਗਾਰ ਲਈ ਹੁਨਰ, ਗੁਣਵੱਤਾ ਭਰਪੂਰ ਸਿੱਖਿਆ ਅਤੇ ਮੌਕਿਆਂ ਦੀ ਘਾਟ ਦਾ ਵੀ ਸੰਕੇਤ ਹੈ । ਰਾਜ ਵਿਚ ਭਾਰਤ ਸਰਕਾਰ, ਪੇਂਡੂ ਵਿਕਾਸ ਮੰਤਰਾਲੇ ਦੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਅਧੀਨ ਜਾਰੀ ਕੀਤੇ ਗਏ ਜੌਬ ਕਾਰਡਾਂ ਦੇ ਅਧਾਰ ਤੇ ਸਾਲ ਵਿਚ ਔਸਤਨ ਕੇਵਲ 11 ਦਿਨਾਂ ਦਾ ਰੁਜ਼ਗਾਰ ਹੀ ਮੁਹੱਈਆ ਕਰਵਾਇਆ ਗਿਆ ਹੈ । ਚੰਗੇ ਫੈਸਲੇ ਲੈਣ ਵਿਚ ਦਰਪੇਸ਼ ਮੁਸ਼ਕਿਲਾਂ ਵਿਚੋਂ ਇਕ ਮਹੱਤਵਪੂਰਨ ਕਾਰਨ ਭਰੋਸੇਮੰਦ ਅੰਕੜਿਆਂ ਦੀ ਘਾਟ ਵੀ ਹੈ।

ਰਾਜ ਸਰਕਾਰ ਕੇਂਦਰ ਸਰਕਾਰ ਦੇ ਪ੍ਰੋਗਰਾਮਾਂ ਦਾ ਪੂਰਾ ਲਾਹਾ ਲੈਣ ਵਿਚ ਨਾਕਾਮ ਰਹਿੰਦੀ ਹੈ ਕਿਉਂਕਿ ਇਸ ਦੇ ਮੁਲਾਜ਼ਮ ਅਤੇ ਸਲਾਹਕਾਰ ਇਨ੍ਹਾਂ ਸਕੀਮਾਂ ਦੇ ਦਿਸ਼ਾ-ਨਿਰਦੇਸ਼ਾਂ, ਖਾਸ ਕਰ ਕੇ ਇਨਾਂ ਦਿਸ਼ਾ-ਨਿਰਦੇਸ਼ਾਂ ਵਿੱਚ ਸਮੇਂ ਸਮੇਂ ਕੀਤੀਆਂ ਗਈਆਂ ਤਬਦੀਲੀਆਂ ਬਾਰੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਾਣੂੰ ਨਹੀਂ ਰਖਦੇ ।

ਉਪਰ ਬਿਆਨੀ ਸਥਿਤੀ ਦੇ ਸਨਮੁੱਖ ਕਿਸਾਨਾਂ ਦੀ ਭਲਾਈ ਲਈ ਢੁਕਵੀਂ ਪਹਿਲਕਦਮੀ ਕਰਨ ਵਾਸਤੇ ਫੈਸਲਾਕੁਨ ਤਬਦੀਲੀ ਦੀ ਲੋੜ ਹੈ ।

ਸਾਕਾਰਤਮਕ ਪੱਖ ਤੋਂ ਪੰਜਾਬ ਕੋਲ ਅਜੇ ਵੀ ਉਪਜਾਊ ਜ਼ਮੀਨ, ਕੁੱਲ ਕਾਸ਼ਤਯੋਗ ਜ਼ਮੀਨ ਦੇ ਲੱਗਭੱਗ 99 ਫ਼ੀਸਦੀ ਹਿੱਸੇ ਲਈ ਸਿੰਚਾਈ ਸਹੂਲਤਾਂ, ਵਧੀਆ ਖੇਤੀਬਾੜੀ ਬੁਨਿਆਦੀ ਢਾਂਚਾ, ਸਮਰਪਤ ਖੇਤੀਬਾੜੀ ਵਿਗਿਆਨੀ ਅਤੇ ਕਿਸਾਨਾਂ ਦਾ ਉਦਮੀ ਸਮੂਹ ਉਪਲੱਬਧ ਹਨ । ਇਨ੍ਹਾਂ ਅਨੁਕੂਲ ਪ੍ਰਸਥਿਤੀਆਂ ਦੇ ਸਨਮੁੱਖ ਲਾਹੇਵੰਦ, ਆਧੁਨਿਕ, ਵਾਤਾਵਰਨਿਕ, ਪੌਸਟਿਕ ਪੱਖੀ, ਮੰਡੀ ਦੇ ਅਨੁਕੂਲ ਅਤੇ ਫ਼ਸਲੀ ਵੰਨ-ਸੁਵੰਨਤਾ ਵਾਲੀ ਖੇਤੀ ਨੂੰ ਅਪਨਾਉਣਾ ਕੋਈ ਅਸੰਭਵ ਕੰਮ ਨਹੀਂ ਹੈ ।

## 2. ਸੂਬਾਈ ਸਮਰੱਥਾ ਤੋਂ ਬਾਹਰ ਦੀਆਂ ਚੁਣੌਤੀਆਂ

ਪੰਜਾਬ ਰਾਜ ਦਾ ਕਈ ਉਭਰ ਰਹੇ ਅਤੇ ਪ੍ਰਤੱਖ ਕਾਰਕਾਂ ਜੋ ਕਿ ਰਾਜ ਦੀ ਖੇਤੀਬਾੜੀ ’ਤੇ ਪ੍ਰਭਾਵ ਪਾਉਂਦੇ ਹਨ, ’ਤੇ ਸੀਮਤ ਪ੍ਰਭਾਵ ਹੈ।

ਦੇਸ਼ ਦੇ ਇਕ ਵੱਡੇ ਹਿੱਸੇ ਦੀ ਆਰਥਿਕਤਾ ਵਿਚ ਸੁਧਾਰ ਆਉਣ ਸਦਕਾ ਖਪਤਕਾਰਾਂ ਦੀਆਂ ਤਰਜੀਹਾਂ ਤੇਜ਼ੀ ਨਾਲ ਬਦਲ ਰਹੀਆਂ ਹਨ ਅਤੇ ਵਧੇਰੇ ਪ੍ਰੋਟੀਨ-ਯੁਕਤ ਖ਼ੁਰਾਕ ਦੀ ਮੰਗ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ । ਇਸ ਕਾਰਨ ਰਾਜ ਦੀ ਜਨਤਕ ਵੰਡ ਪ੍ਰਣਾਲੀ ਰਾਹੀਂ ਵੰਡੀਆਂ ਜਾਣ ਵਾਲੀਆਂ ਵਸਤਾਂ ਦੀ ਮੰਗਘਟਣ ਦਾ ਅਨੁਮਾਨ ਹੈ । ਜਨਤਕ ਵੰਡ ਪ੍ਰਣਾਲੀ ਅਧੀਨ ਵੱਡੇ ਪੱਧਰ ’ਤੇ ਰਾਸ਼ਨ ਦੀ ਵੰਡ ਦੀ ਬਜਾਏ ਸਿੱਧਾ ਨਕਦ ਭੁਗਤਾਨ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਇਸ ਨਾਲ ਪੰਜਾਬ ਵਿਚ ਘੱਟੋ-ਘੱਟ ਸਮਰਥਨ ਮੁੱਲ ਉਤੇ ਅਨਾਜ ਦੀ ਹੁੰਦੀ ਖਰੀਦ ਤੇ ਮਾੜਾ ਪ੍ਰਭਾਵ ਪਵੇਗਾ।

ਦੂਜੇ ਰਾਜਾਂ ਵਿਚ ਫ਼ਸਲਾਂ ਦਾ ਝਾੜ, ਪੈਦਾਵਾਰ ਅਤੇ ਖਰੀਦ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ ਪੰਜਾਬ ਦੇ ਖੇਤੀ ਉਤਪਾਦਨ ਦੀ ਮੰਗ ਹੋਰ ਘੱਟ ਜਾਵੇਗੀ । ਕੇਂਦਰ ਸਰਕਾਰ ਹੁਣ ਕਿਸਾਨਾਂ ਨੂੰ ਮੰਡੀ ਵਿਚ ਖੇਤੀ ਜਿਣਸਾਂ ਦੀਆਂ ਨਿਸ਼ਚਿਤ ਕੀਤੇ ਗਏ ਮੁੱਲ ਤੋਂ ਘੱਟ ਕੀਮਤਾਂ ਮਿਲਣ ਕਰਕੇ ਕੀਤੀ ਜਾਣ ਵਾਲੀ ਪੂਰਤੀ ਦੇ ਖਰਚ ਦਾ ਬੋਝ ਵੰਡਾਉਣ ਲਈ ਰਾਜਾਂ ’ਤੇ ਦਬਾਅ ਪਾ ਰਹੀ ਹੈ ਹਾਲਾਂਕਿ ਮਨਮਾਨੇ ਢੰਗ ਨਾਲ ਕੀਮਤਾਂ ਘਟਾਉਣ ਲਈ ਉਹ ਖ਼ੁਦ ਜ਼ਿੰਮੇਵਾਰ ਹੈ।

ਕੇਂਦਰ ਸਰਕਾਰ ਉਨ੍ਹਾਂ ਫ਼ਸਲਾਂ ਦੀ ਖਰੀਦ ਲਈ ਜਿਨ੍ਹਾਂ ਦਾ ਘੱਟੋ-ਘੱਟ ਸਮੱਰਥਨ ਮੁੱਲ ਨਿਰਧਾਰਤ ਤਾਂ ਕੀਤਾ ਜਾਂਦਾ ਹੈ ਪਰ ਇਸ ’ਤੇ ਖਰੀਦ ਨਹੀਂ ਕੀਤੀ ਜਾਂਦੀ, ਭਾਵ-ਅੰਤਰ ਭੁਗਤਾਨ ਯੋਜਨਾ ਲਾਗੂ ਕਰਨ ਜਾ ਰਹੀ ਹੈ । ਅਜਿਹੇ ਖਰੀਦ ਪ੍ਰੋਗਰਾਮ ਅਧੀਨ ਪੂਰੀ ਜਿਣਸ ਖਰੀਦਣ ਦੀ ਬਜਾਏ ਇਹ ਹਰ ਕਿਸਾਨ ਤੋਂ ਕੁਝ ਰਕਬੇ ਅਤੇ/ ਕੁਝ ਮਾਤਰਾ ਲਈ ਕੀਤੀ ਜਾਵੇਗੀ । ਕੁਝ ਸਮੇਂ ਬਾਅਦ ਅਜਿਹੀ ਸਥਿਤੀ ਕਣਕ ਅਤੇ ਝੋਨੇ ਦੀ ਖਰੀਦ ਲਈ ਵੀ ਪੈਦਾ ਹੋ ਸਕਦੀ ਹੈ ਜੋ ਕਿ ਰਾਜ ਦੇ ਕਿਸਾਨਾਂ ਦੇ ਹਿੱਤ ਵਿਚ ਨਹੀਂ ਹੋਵੇਗੀ ।

ਕੇਂਦਰ ਸਰਕਾਰ ਖਾਦ ਸਬਸਿਡੀ ਵੰਡਣ ਦੀ ਪ੍ਰਣਾਲੀ ਵਿਚ ਤਬਦੀਲੀ ਕਰਨ ਜਾ ਰਹੀ ਹੈ। ਜੇਕਰ ਇਹ ਸਬਸਿਡੀ ਹੌਲੀ ਹੌਲੀ ਤਬਦੀਲ ਕਰਕੇ ਪ੍ਰਤੀ ਹੈਕਟੇਅਰ/ਪ੍ਰਤੀ ਫ਼ਸਲ ਕਰ ਦਿੱਤੀ ਜਾਂਦੀ ਹੈ ਤਾਂ ਪੰਜਾਬ ਦੇ ਕਿਸਾਨਾਂ ਨੂੰ ਫ਼ਸਲਾਂ ਦੀ ਪੈਦਾਵਾਰ ਦੀ ਘੱਟ ਲਾਗਤ ਕਾਰਨ ਮਿਲਦੇ ਲਾਭ ਵਿਚ ਹਰਜਾ ਹੋਵੇਗਾ।

ਭਾਰਤ ਦੇ ਸੰਵਿਧਾਨ ਅਨੁਸਾਰ ਖੇਤੀਬਾੜੀ ਰਾਜ ਸਰਕਾਰ ਦਾ ਵਿਸ਼ਾ ਹੈ ਅਤੇ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਮੁਹੱਈਆ ਕਰਵਾਉਣ ਦੀ ਜ਼ਿੰਮੇਂਵਾਰੀ ਰਾਜ ਸਰਕਾਰ ਦੀ ਹੈ। ਪਰ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਸੂਬੇ ਪੱਧਰ ’ਤੇ ਇਸ ਮੰਤਵ ਲਈ ਪੂਰਨ ਰੂਪ ਵਿਚ ਢੁਕਵੇਂ ਨਹੀਂ ਹਨ।

ਖਾਧ ਪਦਾਰਥਾਂ ਦੀ ਸਪਲਾਈ ਲੜੀ (ਫੂਡ ਵੈਲਿਊ ਚੇਨ) ਦੇ ਚਾਰ ਮੁੱਖ ਭਾਗ; ਖੇਤੀ ਸਾਧਨ, ਜਿਣਸ

ਇਕੱਤਰੀਕਰਨ, ਬ੍ਰਾਂਡ ਦੀ ਮਲਕੀਅਤ ਅਤੇ ਪ੍ਰਚੂਨ ਬਾਜ਼ਾਰ ਇਕਹਰੇ ਕੰਟਰੋਲ ਹੇਠ ਇਕੱਠੇ ਹੋ ਰਹੇ ਹਨ। ਸਮੁੱਚੀ ਫੂਡ ਵੈਲਿਊ ਚੇਨ ਤੇ ਵੱਡੇ ਕਾਰਪੋਰੇਟ ਸਮੂਹਾਂ ਦਾ ਏਕਾਧਿਕਾਰ ਹੋ ਰਿਹਾ ਹੈ। ਇਹੋ ਜਿਹੇ ਹਾਲਾਤ ਬਣਦੇ ਜਾ ਰਹੇ ਹਨ ਜਿਥੇ ਕੇਂਦਰ ਸਰਕਾਰ ਲਈ ਵੀ ਇਸ ਪ੍ਰਕਿਰਿਆ ਨੂੰ ਕੰਟ੍ਰੋਲ ਕਰਨਾ ਅਤੇ ਕਿਸਾਨਾਂ ਲਈ ਵਪਾਰ ਦੀਆਂ ਸ਼ਰਤਾਂ ਜੋ ਕਿ ਪਹਿਲਾਂ ਹੀ ਉਨ੍ਹਾਂ ਦੇ ਅਨੁਕੂਲ ਨਹੀਂ ਹਨ, ਨੂੰ ਨਿਰਧਾਰਤ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ ।

ਅੰਤਰਰਾਸ਼ਟਰੀ ਵਪਾਰ ਸਮਝੌਤਿਆਂ ਲਈ ਗੱਲਬਾਤ ਅਤੇ ਦਰਾਮਦ-ਬਰਾਮਦ ਨੀਤੀਆਂ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਹੇਠ ਆਉਂਦੀਆਂ ਹਨ ਜਿਥੇ ਰਾਜ ਸਰਕਾਰਾਂ ਦੇ ਪੱਖ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਜਾਂਦੀ। ਇਹ ਗੱਲ ਵੀ ਚਿੰਤਾ ਦਾ ਵਿਸ਼ਾ ਹੈ ਕਿ ਕੇਂਦਰ ਸਰਕਾਰ ਜਿੰਨੀ ਮਹੱਤਤਾ ਖੁਰਾਕੀ ਤੱਤਾਂ ਦੀ ਮਹਿੰਗਾਈ ਨੂੰ ਰੋਕਣ ਲਈ ਦਿੰਦੀ ਹੈ ਉਤਨੀ ਹੀ ਅਣਗਹਿਲੀ ਫ਼ਸਲਾਂ ਦੇ ਭਾਅ ਡਿੱਗਣ ਸਮੇਂ ਕਿਉਂ ਦਿਖਾ ਦਿੰਦੀ ਹੈ । ਆਮ ਤੌਰ ਤੇ ਕਿਸਾਨ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਮੂਲ ਮਹਿੰਗਾਈ ਦਰ ਘਟਾਉਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ ਨੀਤੀਗਤ ਵਿਚਾਰ ਵਟਾਂਦਰਿਆਂ ਵਿਚ ਉਨਾਂ ਦੇ ਨੁਕਸਾਨ ਦੀ ਕੋਈ ਚਿੰਤਾ ਨਹੀਂ ਕੀਤੀ ਜਾਂਦੀ । ਨੇੜਲੇ ਭਵਿੱਖ ਵਿਚ ਖੁਰਾਕੀ ਤੱਤਾਂ ਦੀ ਘਾਟ ਵਾਲੇ ਰਾਜਾਂ ਨੂੰ ਕਿਸੇ ਵੀ ਉਪਲਬਧ ਸਰੋਤ ਤੋਂ ਅਨਾਜ ਖਰੀਦਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਪੰਜਾਬ ਨੂੰ ਅਨਾਜ ਉਤਪਾਦਨ ਵਿਚ ਮੋਹਰੀ ਸੂਬਾ ਹੋਣ ਕਰਕੇ ਕੇਂਦਰ ਸਰਕਾਰ ਦੀਆਂ ਇਨ੍ਹਾਂ ਖਪਤਕਾਰ ਪੱਖੀ ਨੀਤੀਆਂ ਦਾ ਖਮਿਆਜ਼ਾ ਭੁਗਤਣਾ ਪਵੇਗਾ।

ਗੁਆਂਢੀ ਮੁਲਕ ਪਾਕਿਸਤਾਨ ਨਾਲ ਤਣਾਅਗ੍ਰਸਤ ਰਿਸ਼ਤਿਆਂ ਕਰ ਕੇ ਦੇਸ਼ ਤੋਂ ਬਾਹਰ ਦੀਆਂ ਨੇੜਲੀਆਂ ਮੰਡੀਆਂ ਤਕ ਪਹੁੰਚ ਸੀਮਤ ਹੋ ਗਈ ਹੈ। ਸਮੁੰਦਰੀ ਬੰਦਰਗਾਹ ਨੇੜੇ ਨਾ ਹੋਣ ਕਰ ਕੇ ਪੰਜਾਬ ਨੂੰ ਬਰਾਮਦੀ ਮੌਕੇ ਤਲਾਸ਼ ਕਰਨ ਵਿਚ ਵੱਧ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੱਚੇ ਤੇਲ ਦੀਆਂ ਕੀਮਤਾਂ ਵਿਚ ਮਜ਼ਬੂਤੀ ਦੇ ਰੁਝਾਨ ਕਾਰਨ ਆਉਣ ਵਾਲੇ ਸਮੇਂ ਵਿਚ ਖੇਤੀ ਦੀਆਂ ਪੈਦਾਵਾਰੀ ਲਾਗਤਾਂ ਵਿਚ ਹੋਰ ਵਾਧਾ ਹੋ ਸਕਦਾ ਹੈ।

## II. ਦ੍ਰਿਸ਼ਟੀਕੋਣ

ਇਸ ਨੀਤੀ ਦਾ ਦ੍ਰਿਸ਼ਟੀਕੋਣ "ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੇ ਸੰਤੁਲਨ ਨੂੰ ਬਰਕਰਾਰ ਰੱਖਦੇ ਹੋਏ ਖੇਤੀ ਉਤੇ ਨਿਰਭਰ ਲੋਕਾਂ ਦੀ ਆਮਦਨ ਵਿਚ ਨਿਰੰਤਰ ਹੰਢਣਸਾਰ ਵਾਧਾ ਕਰਨਾ ਹੈ ।"

## III. ਕਿਸਾਨ ਦੀ ਪ੍ਰੀਭਾਸ਼ਾ

ਇਹ ਨੀਤੀ ਖੇਤੀਬਾੜੀ ਤੋਂ ਉਪਰ ਉੱਠ ਕੇ ਕਿਸਾਨਾਂ ਲਈ ਹੈ । ਇਸ ਲਈ ਖੇਤੀਬਾੜੀ ਸਰਗਰਮੀਆਂ ਨੂੰ ਇਕ ਲੜੀ ਵਿਚ ਪਰੋ ਕੇ ਕਿਸਾਨ ਸ਼ਬਦ ਨੂੰ ਪ੍ਰੀਭਾਸ਼ਤ ਕੀਤਾ ਗਿਆ ਹੈ।

ਇਸ ਨੀਤੀ ਵਿਚ "ਕਿਸਾਨ" ਤੋਂ ਭਾਵ ਹੈ ਅਜਿਹਾ ਵਿਅਕਤੀ ਜੋ ਖੇਤੀਬਾੜੀ ਜਿਨਸਾਂ ਦੇ ਉਤਪਾਦਨ ਦੀ ਆਰਥਿਕ /ਅਤੇ ਉਪਜੀਵਕਾ ਦੀ ਮੁਢਲੀ ਪ੍ਰਕ੍ਰਿਆ ਵਿਚ ਲੱਗਿਆ ਹੋਵੇ ਅਤੇ ਉਹ ਸਾਰੇ ਕਿਸਾਨ, ਖੇਤ ਮਜ਼ਦੂਰ, ਵਟਾਈਦਾਰ ਅਤੇ ਕਿਰਾਏਦਾਰ ਜੋ ਕਿ ਖੇਤੀ ਦੇ ਨਾਲ ਸਬੰਧਤ ਕੰਮ-ਕਾਜ ਜਿਵੇਂ ਕਿ ਫ਼ਸਲ ਪਾਲਣ, ਪਸ਼ੂ ਪਾਲਣ, ਮੁਰਗੀ ਪਾਲਣ, ਮੱਛੀ ਪਾਲਣ, ਮਧੂ ਮੱਖੀ ਪਾਲਣ ਅਤੇ ਐਗਰੋ-ਫੋਰੈਸਟਰੀ ਵਿਚ ਲੱਗੇ ਹੋਣ ।

## IV. ਉਦੇਸ਼

ਸਮਾਜਿਕ ਅਤੇ ਆਰਥਿਕ ਕਾਰਨਾਂ ਕਰਕੇ ਅਜਿਹਾ ਸਮਾਂ ਆ ਗਿਆ ਹੈ ਕਿ ਕਿਸਾਨਾਂ ਖਾਸ ਕਰ ਕੇ ਛੋਟੇ, ਸੀਮਾਂਤ ਅਤੇ ਬੇ-ਜ਼ਮੀਨੇ ਕਿਸਾਨਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਤੇ ਬਿਹਤਰ ਬਣਾਉਣ ਲਈ ਨੀਤੀਆਂ ਤੇ ਸਹਾਇਕ ਪ੍ਰਣਾਲੀਆਂ ਨੂੰ ਲਗਾਤਾਰ ਨਵੀਂ ਦਿਸ਼ਾ ਦਿੱਤੀ ਜਾਵੇ। ਇਸ ਨੀਤੀ ਦੇ ਮੁੱਖ ਉਦੇਸ਼ ਹੇਠ ਲਿਖੇ ਹਨ:

1. ਸਾਰਿਆਂ ਲਈ ਸਵੀਕਾਰਯੋਗ ਜੀਵਨ-ਪੱਧਰ ਪ੍ਰਾਪਤ ਕਰਨਾ ।
2. ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ।
3. ਲੁਕਵੀਂ ਬੇਰੁਜ਼ਗਾਰੀ ਨਾਲ ਨਜਿੱਠਣਾ।
4. ਕਿਸਾਨ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਪ੍ਰਸਾਸ਼ਨ ਵਿਚ ਸੁਧਾਰ।

## V. ਨੀਤੀ ਦੇ ਮੁੱਦੇ

### ੳ) ਪ੍ਰਸ਼ਾਸ਼ਕੀ ਪਹਿਲੂ

ਕਿਸਾਨੀ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਨਤੀਜਤਨ ਖੁਦਕੁਸ਼ੀਆਂ ਦਾ ਰੁਝਾਨ ਗੈਰ-ਪ੍ਰਭਾਵੀ ਨੀਤੀਆਂ ਤੋਂ ਪੈਦਾ ਹੋਏ ਮੌਜੂਦਾ ਖੇਤੀ ਸੰਕਟ ਦਾ ਸਿੱਟਾ ਹਨ। ਇਸ ਦੇ ਕੁਝ ਕਾਰਕ ਜਿਸ ਕਰਕੇ ਨੀਤੀਆਂ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਕਾਮਯਾਬੀ ਨਹੀਂ ਮਿਲਦੀ, ਚੰਗੇ ਪ੍ਰਸ਼ਾਸਨ ਦੀ ਘਾਟ, ਨਿਯਮਾਂ ਦਾ ਅਸੰਤੋਖਜਨਕ ਅਮਲ ਅਤੇ ਪ੍ਰਸਾਸ਼ਕੀ ਮਾਮਲਿਆਂ ਵਿਚ ਬੇਲੋੜੀ ਦਖਲ-ਅੰਦਾਜ਼ੀ ਹੈ। ਵੱਖ-ਵੱਖ ਮੰਤਰਾਲਿਆਂ ਦਰਮਿਆਨ ਅਤੇ ਮੰਤਰਾਲਿਆਂ ਦੇ ਅੰਦਰ ਵਿਭਾਗਾਂ ਦਰਮਿਆਨ ਤਾਲਮੇਲ ਦੀ ਘਾਟ ਵਧੀਆ ਸ਼ਾਸਨ ਦੇ ਰਾਹ ਵਿਚ ਇਕ ਵੱਡਾ ਅੜਿੱਕਾ ਹੈ। ਇਸ ਲਈ ਸਰਕਾਰ :

1) ਖੇਤੀਬਾੜੀ, ਸਹਿਕਾਰਤਾ ਅਤੇ ਪਸ਼ੂ ਪਾਲਣ ਦੇ ਮੰਤਰਾਲਿਆਂ ਨੂੰ ਮਿਲਾ ਕੇ ਇਕ ਮੰਤਰਾਲਾ ਸਥਾਪਿਤ ਕਰੇਗੀ। ਵਿਲੀਨ ਹੋਈ ਇਕਾਈ ਇਕ ਵਧੀਕ ਮੁੱਖ ਸਕੱਤਰ ਦੇ ਅਹੁਦੇ ਦੇ ਅਧਿਕਾਰੀ ਦੇ ਸਿੱਧੇ ਕੰਟਰੋਲ ਅਧੀਨ ਹੋਵੇਗੀ ਅਤੇ ਹਰ ਇਕ ਨਵੇਂ ਵਿਭਾਗ ਲਈ ਉੱਚਿਤ ਗਿਣਤੀ ਵਿਚ ਸੀਨੀਅਰ ਲੈਵਲ ਦੇ ਅਧਿਕਾਰੀ ਉਸ ਦੀ ਸਹਾਇਤਾ ਕਰਨਗੇ।

2) ਕਿਸਾਨਾਂ ਦੀ ਸਮੁੱਚੀ ਪ੍ਰਣਾਲੀ (ਈਕੋ ਸਿਸਟਮ) ਲਈ ਇਕ ਡਾਟਾ ਬੈਂਕ ਬਣਾਏਗੀ। ਪ੍ਰਮਾਣ ਅਧਾਰਿਤ ਨੀਤੀ ਬਨਾਉਣ ਅਤੇ ਉਸਦੇ ਨਵੀਨੀਕਰਨ ਲਈ ਬਿਗ ਡਾਟਾ ਤੇ ਮਸ਼ੀਨੀ ਗਿਆਨ ਦੀ ਵਰਤੋਂ ਕੀਤੀ ਜਾਵੇਗੀ।

3) ਸੂਚਨਾ ਦੇ ਆਦਾਨ-ਪ੍ਰਦਾਨ ਲਈ ਸਾਰੇ ਵਿਭਾਗਾਂ ਤੇ ਮੰਤਰਾਲਿਆਂ ਵਿਚ "ਸੂਚਨਾ ਤਕਨਾਲੋਜੀ ਕਾਨੂੰਨ, 2000" ਅਨੁਸਾਰ ਈ-ਡਾਕੂਮੈਂਟਸ ਦੀ ਵਰਤੋਂ ਲਾਜ਼ਮੀ ਕਰੇਗੀ।

4) ਕਿਸਾਨਾਂ ਨੂੰ ਸੇਵਾਵਾਂ, ਖੇਤੀ ਪ੍ਰਸਾਰ ਤੇ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਾਉਣ ਲਈ ਸੂਚਨਾ ਤਕਨਾਲੋਜੀ (ਆਈ.ਸੀ.ਟੀ.) ਦਾ ਇਸਤੇਮਾਲ ਕਰੇਗੀ।

5) ਸ਼ਿਕਾਇਤ ਨਿਪਟਾਰੇ ਦਾ ਜਵਾਬਦੇਹ ਪ੍ਰਬੰਧ ਕਾਇਮ ਕਰੇਗੀ, ਜਿਸ ਰਾਹੀਂ ਸਾਧਨ ਰਹਿਤ ਕਿਸਾਨਾਂ ਨੂੰ ਵੀ ਸਰਕਾਰੀ ਯੋਜਨਾਵਾਂ ਦਾ ਫਾਇਦਾ ਮਿਲ ਸਕੇ।

6) ਇਹ ਸੁਨਿਸਚਿਤ ਕਰੇਗੀ ਕਿ ਸਰਕਾਰੀ ਪ੍ਰੋਗਰਾਮਾਂ/ਸਕੀਮਾਂ ਵੱਧ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਦੇ ਉਦੇਸ਼ ਨੂੰ ਪੂਰਾ ਕਰਨ ਲਈ ਲਾਗੂ ਕੀਤੀਆਂ ਜਾਣ। ਅਜਿਹਾ ਪ੍ਰੋਗਰਾਮਾਂ ਦੇ ਮੁਲਾਂਕਣ ਲਈ ਪੈਮਾਨੇ, ਸਰਕਾਰੀ ਪ੍ਰੋਗਰਾਮਾਂ ਦੇ ਆਡਿਟ, ਸਮੇਂ ਦੀ ਵਰਤੋਂ, ਅਧਿਕਾਰੀਆਂ ਦੀ ਕਾਰਜ-ਕੁਸ਼ਲਤਾ ਦੇ ਮੁਲਾਂਕਣ ਅਤੇ ਸਬਸਿਡੀ ਭੁਗਤਾਨ ਦੀ ਸਹੀ ਪ੍ਰਕ੍ਰਿਆ ਅਪਣਾਕੇ ਕੀਤਾ ਜਾਵੇਗਾ।

7) ਸਬੰਧਤ ਧਿਰਾਂ/ਹਿੱਸੇਦਾਰਾਂ ਨਾਲ ਨਿਰੰਤਰ/ਨਿਯਮਤ ਸਲਾਹ ਮਸ਼ਵਰੇ ਦੀ ਵਿਧੀ ਤਿਆਰ ਕਰੇਗੀ ਅਤੇ ਬਣਦੀ ਸਹਾਇਤਾ ਖਾਸ ਸਮੂਹਾਂ ਨੂੰ ਤਰਜੀਹ ਦੇ ਅਧਾਰ 'ਤੇ ਦਿੱਤੀ ਜਾਵੇਗੀ ।

8) ਗਰਾਮ ਸਭਾ ਨੂੰ ਮੀਟਿੰਗਾਂ ਲਈ ਸਰਗਰਮ ਕਰੇਗੀ ਅਤੇ ਸਹੂਲਤਾਂ ਦੇਵੇਗੀ ਤਾਂ ਜੋ ਉਹ ਪੰਜਾਬ ਪੰਚਾਇਤੀ ਰਾਜ ਐਕਟ, 1994 ਅਨੁਸਾਰ ਕੰਮ ਕਰ ਸਕੇ ।

9) ਜ਼ਮੀਨਾਂ ਦੀ ਜੀਓ-ਟੈਗਿੰਗ ਅਤੇ ਡਿਜੀਟਾਈਜੇਸ਼ਨ ਨੂੰ ਉਤਸ਼ਾਹਿਤ ਕਰੇਗੀ ਅਤੇ ਜਨਤਕ ਸੰਪਤੀਆਂ ਲਈ ਇਹ ਕੰਮ ਪਹਿਲੀ ਤਰਜੀਹ ਦੇ ਅਧਾਰ 'ਤੇ ਕਰੇਗੀ ।

10) ਸਰਕਾਰੀ ਅਫ਼ਸਰਾਂ ਦੀ ਤਕਨੀਕੀ ਅਤੇ ਪ੍ਰਬੰਧਕੀ ਯੋਗਤਾ ਨੂੰ ਸੁਧਾਰਨ ਲਈ ਯਤਨ ਕਰੇਗੀ।

11) ਖੇਤੀਬਾੜੀ ਦੇ ਧੰਦੇ ਨਾਲ ਮਨੁੱਖਾਂ ਅਤੇ ਪਸ਼ੂਆਂ ਲਈ ਵਾਤਾਵਰਣਿਕ ਅਤੇ ਸਿਹਤ ਸਬੰਧੀ ਪੈਦਾ ਹੋਣ ਵਾਲੇ ਸਰੋਕਾਰਾਂ ਦੀ ਪਾਲਣਾ ਨੂੰ ਵਿੱਤੀ ਪ੍ਰੋਤਸਾਹਨ ਦਾ ਇਕ ਅਨਿੱਖੜਵਾਂ ਹਿੱਸਾ ਬਣਾਏਗੀ ।

12) ਕਿਸਾਨ ਭਾਈਚਾਰੇ ਨੂੰ ਮਿਆਰੀ ਖੇਤੀ ਸਮੱਗਰੀ ਦੀ ਸਪਲਾਈ ਯਕੀਨੀ ਬਣਾਉਣ ਲਈ ਸੂਚਨਾ ਦੇਣ ਵਾਲਿਆ (ਵਿਸਲਬਲੋਅਰਾਂ) ਨੂੰ ਉਤਸ਼ਾਹਿਤ ਕਰੇਗੀ ।

13) ਕਿਸਾਨੀ ਨਾਲ ਸਬੰਧਤ ਸੇਵਾਵਾਂ ਚੌਵੀ ਘੰਟੇ ਮੁਹੱਈਆ ਕਰਵਾਏਗੀ।

14) ਗਾਰਡੀਐਂਸ ਆਫ ਗਵਰਨੈਂਨਸ ਤੇ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਨੂੰ ਰਾਜ ਵਿਚ ਲਾਗੂ ਕੀਤੇ ਜਾ ਰਹੇ ਪ੍ਰੋਗਰਾਮਾਂ ਦੇ ਮੌਕੇ 'ਤੇ ਮੁਆਇਨੇ/ਨਿਗਰਾਨੀ ਵਿਚ ਸ਼ਾਮਲ ਕਰੇਗੀ।

15) ਇਹ ਯਕੀਨੀ ਬਣਾਏਗੀ ਕਿ ਰਾਜ ਵਿਚ ਸਾਰੇ ਪ੍ਰੋਗਰਾਮਾਂ/ਸਕੀਮਾਂ ਅਤੇ ਸਾਧਨਾਂ ਦੀ ਵੰਡ ਇਸ ਨੀਤੀ ਦੇ ਉਦੇਸ਼ਾਂ ਦੇ ਅਨੁਸਾਰ ਹੋਵੇ ।

16) ਰਾਜ ਨਾਲ ਸਬੰਧਿਤ ਮੁੱਦਿਆਂ ਦੀ ਕੇਂਦਰ ਸਰਕਾਰ ਨਾਲ ਪੈਰਵੀ ਲਈ ਦਿੱਲੀ ਵਿਚ ਇਕ ਵਿਵਸਥਾ ਕਾਇਮ ਕਰੇਗੀ ।

## ਅ) ਸਮਾਜਕ ਤੇ ਆਰਥਿਕ ਵਿਕਾਸ

ਸਰਕਾਰ ਸਾਰੇ ਕਿਸਾਨਾਂ ਖਾਸ ਕਰਕੇ ਬੇ-ਜ਼ਮੀਨੇ, ਸੀਮਾਂਤ ਅਤੇ ਛੋਟੇ ਕਿਸਾਨਾਂ ਲਈ ਤਸੱਲੀਬਖ਼ਸ਼ ਅਤੇ ਬਰਾਬਰ ਦਾ ਜੀਵਨ ਪੱਧਰ ਹਾਸਲ ਕਰਨ ਦੇ ਯਤਨ ਕਰੇਗੀ। ਇਸ ਲਈ ਸਰਕਾਰ:

1) ਸਿਹਤ ਸੰਭਾਲ 'ਤੇ ਭਾਰੀ ਵਿੱਤੀ ਬੋਝ ਨੂੰ ਘਟਾਉਣ ਲਈ ਕਿਸਾਨਾਂ ਨੂੰ ਬੁਨਿਆਦੀ ਚਿਕਿਤਸਾ ਟੈਸਟ ਅਤੇ ਦਵਾਈਆਂ ਦੀ ਉਚਿਤ ਦਰਾਂ ਤੇ ਮੁਹੱਈਆ ਕਰਵਾਉਣਾ ਸੁਨਿਸ਼ਚਤ ਕਰੇਗੀ। ਰਾਜ ਸਰਕਾਰ ਆਪਣੀ ਮੌਜੂਦਾ ਸਿਹਤ ਬੀਮਾ ਯੋਜਨਾ ਦਾ ਕੇਂਦਰ ਸਰਕਾਰ ਦੀ ਨਵੀਂ ਸਿਹਤ ਬੀਮਾ ਯੋਜਨਾ ਨਾਲ ਵੀ ਗੱਠਜੋੜ ਕਰੇਗੀ।

2) ਪੇਂਡੂ ਵਿਦਿਆਰਥੀਆਂ ਨੂੰ ਸ਼ਹਿਰੀ ਖੇਤਰ ਦੇ ਵਿਦਿਆਰਥੀਆਂ ਨਾਲ ਮੁਕਾਬਲਾ ਕਰਨ ਯੋਗ ਬਨਾਉਣ ਲਈ ਪੇਂਡੂ ਸਿੱਖਿਆ ਦੇ ਮਿਆਰ ਵਿਚ ਸੁਧਾਰ ਕਰੇਗੀ। ਹਰੇਕ ਕਲਾਸ ਜਾਂ ਵਰਗ ਦੇ ਪਾਠਕ੍ਰਮ ਦੀ ਸਮੱਗਰੀ ਤਿਆਰ ਕਰਵਾ ਕੇ ਫਰੀ ਟੀਵੀ ਚੈਨਲਾਂ ਸਮੇਤ ਵੱਖ-ਵੱਖ ਸ਼ੋਸ਼ਲ ਮੀਡੀਆ ਰਾਹੀਂ ਪ੍ਰਸਾਰਤ ਕਰੇਗੀ। ਭੌਤਿਕ ਕਲਾਸਰੂਮਾਂ ਦੀ ਬਜਾਏ ਫਲਿਪ ਕਲਾਸਰੂਮਾਂ ਵਿਚ ਨਿਵੇਸ਼ ਨੂੰ ਤਰਜੀਹ ਦਿੱਤੀ ਜਾਵੇਗੀ। ਬਿਹਤਰ ਰੁਜ਼ਗਾਰ ਦੇ ਅਵਸਰਾਂ ਲਈ ਅੰਗਰੇਜ਼ੀ ਨੂੰ ਦਿੱਤੀ ਜਾਂਦੀ ਤਰਜੀਹ ਦੇ ਮੱਦੇਨਜ਼ਰ ਸਵੈ-ਇੱਛਾ ਅਨੁਸਾਰ ਅੰਗਰੇਜੀ ਮਾਧਿਅਮ ਰਾਹੀਂ ਸਿਖਿਆ ਨੂੰ ਚੁਨਣ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ।

3) ਹੁਨਰ ਵਿਕਾਸ ਨੂੰ ਤਰਜੀਹ ਦੇਵੇਗੀ ਅਤੇ ਮਜ਼ਬੂਤ ਬਣਾਏਗੀ। ਸਨਅਤਾਂ ਵਿਚ ਸਥਾਨਿਕ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿਚ ਤਰਜੀਹ ਦੇਣ ਨੂੰ ਪ੍ਰੋਤਸਾਹਿਤ ਕਰੇਗੀ। ਖੇਤੀ ਕਾਮਿਆਂ ਲਈ ਵੱਖਰੀ ਹੁਨਰ ਰਜਿਸਟਰੀ ਦੀ ਵਿਉਂਤਬੰਦੀ ਕੀਤੀ ਜਾਵੇਗੀ। ਖੇਤੀਬਾੜੀ ਤੇ ਗ਼ੈਰ ਖੇਤੀ ਖੇਤਰਾਂ ਵਿਚ ਬਦਲਵੇਂ ਰੁਜ਼ਗਾਰ ਅਵਸਰਾਂ ਵਿਚ ਵਾਧਾ ਕੀਤਾ ਜਾਵੇਗਾ।

4) ਇਕੋ-ਜਿਹਾ ਕੰਮ ਕਰਨ ਲਈ ਪੁਰਸ਼ ਅਤੇ ਮਹਿਲਾ ਕਾਮਿਆਂ ਨੂੰ ਬਰਾਬਰ ਵੇਤਨ ਯਕੀਨੀ ਬਣਾਏਗੀ।

5) ਆਮਦਨ ਵਿਚ ਉਤਰਾ-ਚੜਾਅ ਨੂੰ ਘੱਟ ਕਰਨ ਲਈ (ਖੇਤੀਬਾੜੀ ਪੈਦਾਵਾਰ ਤੋਂ ਅਲੱਗ) ਬੁਨਿਆਦੀ ਆਮਦਨ ਸਹਾਇਤਾ ਦੇਣ ਸਬੰਧੀ ਵਿਚਾਰ ਕਰੇਗੀ।

6) ਕੇਂਦਰ ਸਰਕਾਰ ਦੀ ਮੌਜੂਦਾ ਕੰਟ੍ਰੀਬਿਉਟਰੀ ਪੈਨਸ਼ਨ ਸਕੀਮ ਤਹਿਤ ਪੈਨਸ਼ਨ ਮੁਹੱਈਆ ਕਰਵਾਉਣ ਦੀਆਂ ਸੰਭਾਵਨਾਵਾਂ ਦੀ ਘੋਖ ਕਰੇਗੀ, ਜਿਸ ਵਿਚ ਰਾਜ ਸਰਕਾਰ ਦੁਆਰਾ ਬਰਾਬਰ ਦਾ ਯੋਗਦਾਨ ਪਾਇਆ ਜਾਵੇਗਾ।

7) ਮਾਸਿਕ ਪੈਨਸ਼ਨ ਵਿਚ ਵਾਧਾ ਅਤੇ ਇਸ ਦੀ ਸਮੇਂ ਸਿਰ ਅਦਾਇਗੀ ਨੂੰ ਯਕੀਨੀ ਬਣਾਏਗੀ।

8) ਖੇਤ ਮਜ਼ਦੂਰਾਂ ਨੂੰ ਕੁਦਰਤੀ ਕਰੋਪੀ ਕਾਰਨ ਫ਼ਸਲੀ ਖਰਾਬੇ ਜਾਂ ਬਿਮਾਰੀ, ਕੀਟ ਮਹਾਮਾਰੀ ਦੀ ਸੂਰਤ ਹੋਏ ਉਪਜੀਵਿਕਾ ਦੇ ਨੁਕਸਾਨ ਲਈ ਸਮੂਹਿਕ ਬੀਮਾ ਜਾਂ ਫਿਰ ਵੱਖਰਾ ਫੰਡ ਕਾਇਮ ਕਰਕੇ ਭਰਪਾਈ ਕਰੇਗੀ ।

9) ਖੁਦਕੁਸ਼ੀਆਂ ਨਾਂਲ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਮੁਹੱਈਆ ਕਰਵਾਉਣ ਲਈ ਨੀਤੀ ਤੇ ਪੁਨਰ-ਵਿਚਾਰ ਕਰਕੇ ਹੋਰ ਤਰਕਸੰਗਤ ਬਣਾਏਗੀ ।

10) ਖੇਤੀਬਾੜੀ ਦੇ ਕੰਮ ਕਰਦੇ ਸਮੇਂ ਹੋਏ ਹਾਦਸਿਆਂ ਦੇ ਪੀੜਤਾਂ ਨੂੰ ਮੁਆਵਜਾ ਦੇਣ ਲਈ ਪੰਜਾਬ ਮੰਡੀ ਬੋਰਡ ਵਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਦੀ ਸਮੀਖਿਆ ਕਰਕੇ ਇਸ ਨੂੰ ਮਜ਼ਬੂਤੀ ਪ੍ਰਦਾਨ ਕਰੇਗੀ।

11) "ਮਨਰੇਗਾ" ਅਧੀਨ ਵੱਧ ਤੋਂ ਵੱਧ ਖੇਤਰਾਂ ਅਤੇ ਪਰਿਵਾਰਾਂ ਨੂੰ ਪ੍ਰਤੀ ਪ੍ਰੀਵਾਰ ਉਪਲਬਧ ਕਰਵਾਏ ਜਾਣ ਵਾਲੇ ਕੰਮ ਦੇ ਦਿਨਾਂ ਵਿਚ ਵਾਧਾ ਕਰਨ ਦੀ ਪ੍ਰਕ੍ਰਿਆ ਨੂੰ ਮਜ਼ਬੂਤ ਕਰੇਗੀ ਅਤੇ ਇਸ ਮੰਤਵ ਲਈ ਕਾਰਗਰ ਨਿਗਰਾਨੀ ਪ੍ਰਬੰਧ ਕਾਇਮ ਕਰੇਗੀ।

12) ਖੇਤ ਮਜ਼ਦੂਰਾਂ ਨੂੰ ਗੈਰ-ਖੇਤੀ ਕੰਮਾਂ ਲਈ ਘੱਟ ਵਿਆਜ ਦਰਾਂ 'ਤੇ ਕਰਜ਼ ਮੁਹੱਈਆ ਕਰਵਾਉਣ ਲਈ ਵਿੱਤੀ ਸਹਾਇਤਾ/ ਗ੍ਰਾਂਟ ਦੇਣ ਬਾਰੇ ਸੋਚ ਵਿਚਾਰ ਕਰੇਗੀ।

13) ਦਿਹਾਤੀ ਖੇਤਰਾਂ ਵਿਚ ਖੇਤ ਮਜ਼ਦੂਰਾਂ, ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਸਮਾਜਕ ਤੌਰ ਤੇ ਪਛੜੇ ਵਿਅਕਤੀਆਂ ਲਈ ਮਕਾਨ ਉਸਾਰੀ, ਕਰਜ਼ ਅਤੇ ਸਫਾਈ ਨਾਲ ਸਬੰਧਤ ਭਲਾਈ ਸਕੀਮਾਂ 'ਤੇ ਨਜ਼ਰਸਾਨੀ ਕਰਨ ਲਈ ਜ਼ਿਲਾ/ਬਲਾਕ ਪੱਧਰੀ ਕਮੇਟੀਆਂ ਕਾਇਮ ਕਰੇਗੀ।

14) ਪੰਚਾਇਤ ਵਲੋਂ ਬੇ-ਜ਼ਮੀਨੇ ਵਿਅਕਤੀਆਂ ਨੂੰ ਪਲਾਟ ਅਲਾਟ ਕਰਨ ਦੇ ਕੰਮ ਦੀ ਨਿਗਰਾਨੀ ਕਰੇਗੀ ਤਾਂ ਜੋ ਰਾਜ ਦੇ ਸਾਰੇ ਬੇ-ਜ਼ਮੀਨੇ ਪਰਿਵਾਰਾਂ ਕੋਲ ਆਪਣਾ ਘਰ ਹੋਵੇ ਅਤੇ ਬੇ-ਜ਼ਮੀਨੇ ਪਰਿਵਾਰਾਂ ਨੂੰ ਮਕਾਨ ਉਸਾਰੀ ਲਈ ਸਹਾਇਤਾ ਮੁਹੱਈਆ ਕਰਵਾਏਗੀ। ਉਹ ਬੇ-ਜ਼ਮੀਨੇ ਕਿਸਾਨ ਜਿਨ੍ਹਾਂ ਨੂੰ ਪਹਿਲਾਂ ਪਲਾਟ ਅਲਾਟ ਕੀਤੇ ਗਏ ਸਨ, ਪ੍ਰੰਤੂ ਪੂੰਜੀ ਦੀ ਘਾਟ ਕਾਰਨ ਮਕਾਨ ਦੀ ਉਸਾਰੀ ਨਹੀਂ ਕਰ ਸਕੇ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ/ਹੋਰ ਪ੍ਰੋਗਰਾਮਾਂ ਅਧੀਨ ਸਹਾਇਤਾ ਦੇਣ ਸਬੰਧੀ ਵਿਚਾਰਿਆ ਜਾਵੇਗਾ । ਮੂਲ ਅਲਾਟੀਆਂ ਨੂੰ ਉਜਾੜਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇਗੀ।

15) ਪਿੰਡ ਪੱਧਰ ਤੇ ਬਿਪਤਾ ਨਾਲ ਘਿਰੇ ਪਰਿਵਾਰਾਂ ਦੀ ਸ਼ਨਾਖਤ ਕਰਨ ਲਈ ਇਕ ਪਿੰਡ ਪੱਧਰੀ ਇਕ ਵਿਧੀ ਵਿਕਸਿਤ ਕਰੇਗੀ ਜਾਂ "ਗਰਾਮ ਸਭਾ" ਨੂੰ ਇਸ ਕੰਮ ਲਈ ਸਰਗਰਮ ਕਰੇਗੀ ਜੋ ਕਿ ਲਗਾਤਾਰ ਮੀਟਿੰਗਾਂ ਕਰਕੇ ਪ੍ਰਭਾਵਿਤ ਪਰਿਵਾਰਾਂ ਨੂੰ ਮੱਦਦ ਅਤੇ ਸਹਾਇਤਾ ਪ੍ਰਦਾਨ ਕਰੇਗੀ ।

16) ਖੁਦਕੁਸ਼ੀਆਂ, ਨਸ਼ਿਆਂ ਅਤੇ ਹੋਰ ਮਾਨਸਿਕ ਮੁੱਦਿਆਂ ਬਾਰੇ ਮਨੋਦਸ਼ਾ ਤੇ ਵਤੀਰੇ ਵਿਚ ਤਬਦੀਲੀ

ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾਵੇਗੀ।

17) ਲੋਕਾਂ ਦੀ ਸਿਹਤ ਸੰਭਾਲ ਦੇ ਕੰਮ 'ਤੇ ਜਿਆਦਾ ਧਿਆਨ ਦੇਵੇਗੀ ਅਤੇ ਇਸ ਮੰਤਵ ਲਈ ਪੇਂਡੂ ਇਲਾਕਿਆਂ ਵਿਚ ਖੇਡਾਂ ਲਈ ਲੋੜੀਂਦਾ ਢਾਂਚਾ ਵਿਕਸਤ ਕਰੇਗੀ।

18) ਜਨਮ, ਵਿਆਹ ਅਤੇ ਮੌਤ ਆਦਿ ਮੌਕਿਆਂ 'ਤੇ ਸਮਾਜਕ ਸਮਾਰੋਹਾਂ 'ਤੇ ਬੇਲੋੜੇ ਖਰਚ ਨੂੰ ਘਟਾਉਣ ਲਈ ਇੱਕ ਮੁਹਿੰਮ ਚਲਾਵੇਗੀ ਅਤੇ ਇਸ ਲਈ ਗੈਸਟ ਕੰਟਰੋਲ ਆਰਡਰ ਲਾਗੂ ਕਰੇਗੀ ।

19) ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਕਾਰਨਾਂ ਦਾ ਪਤਾ ਲਾਉਣ ਲਈ ਇਕ ਵਿਸਤਰਿਤ ਅਧਿਐਨ ਕਰਵਾਏਗੀ ਅਤੇ ਇਸ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਬਣਦੇ ਢੁਕਵੇਂ ਕਦਮ ਚੁੱਕੇਗੀ ।

## ੲ) ਮੌਸਮੀ ਤਬਦੀਲੀ, ਹੰਢਣਸਾਰਤਾ ਅਤੇ ਜੈਵਿਕ ਵੰਨ-ਸੁਵੰਨਤਾ

ਪੰਜਾਬ ਭਰ ਵਿਚ ਤਾਪਮਾਨ ਅਤੇ ਹੁੰਮਸ ਵਿਚ ਹੋ ਰਹੇ ਨਿਰੰਤਰ ਵਾਧੇ ਤੋਂ ਜਲਵਾਯੂ ਤਬਦੀਲੀ ਦਾ ਅਸਰ ਸਾਫ਼ ਨਜ਼ਰ ਆ ਰਿਹਾ ਹੈ ਅਤੇ ਰਾਜ ਕੋਲ ਇਸ ਦੇ ਮਾੜੇ ਅਸਰ ਤੋਂ ਬਚਣ ਲਈ ਨੀਤੀਗਤ ਤਬਦੀਲੀਆਂ ਦੀ ਸ਼ੁਰੂਆਤ ਕਰ ਕੇ ਲਾਹਾ ਖੱਟਣ ਦਾ ਇਕ ਵਧੀਆ ਮੌਕਾ ਹੈ। ਇਸ ਲਈ ਸਰਕਾਰ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਅਤੇ ਇਸ ਦੀ ਮੁੜ-ਬਹਾਲੀ ਲਈ ਅਤੇ ਵਾਤਾਵਰਨ ਅਨੁਕੂਲ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਇਹ ਯਕੀਨੀ ਬਣਾਏਗੀ ਕਿ:

1) ਪਿੰਡਾਂ ਵਿਚ ਸਾਂਝੀਆਂ ਜ਼ਮੀਨਾਂ ਦੀ ਵਰਤੋਂ ਲੋੜੀਂਦੀ ਜੈਵਿਕ ਵੰਨ-ਸੁਵੰਨਤਾ ਸਥਾਪਿਤ ਕਰਨ ਲਈ ਕੀਤੀ ਜਾਵੇ ਤਾਂ ਜੋ ਖੇਤੀਬਾੜੀ ਨੂੰ ਬਚਾਇਆ ਜਾ ਸਕੇ । ਇਸ ਜ਼ਮੀਨ ਵਿਚ ਝੋਨੇ ਦੀ ਕਾਸ਼ਤ ਦੀ ਇਜ਼ਾਜ਼ਤ ਨਹੀਂ ਹੋਵੇਗੀ । ਇਸ ਦੇ ਨਾਲ ਨਾਲ ਪਿੰਡਾਂ ਵਿਚ ਤਕਰੀਬਨ ਇਕ ਹੈਕਟੇਅਰ ਦਾ ਇੱਕ ਬਾਇਓ-ਵਿਭਿੰਨਤਾ ਰਿਜ਼ਰਵ ਸਥਾਪਿਤ ਕਰਨ ਬਾਰੇ ਵੀ ਵਿਉਂਤਬੰਦੀ ਕਰੇਗੀ ।

2) ਸਥਾਨਕ ਬਨਸਪਤੀ ਅਤੇ ਜੀਵ-ਜੰਤੂਆਂ ਨੂੰ ਬੜ੍ਹਾਵਾ ਦੇਣ ਲਈ ਅਤੇ ਜੈਵਿਕ-ਵਿਵਿਧਤਾ ਲਈ ਜਰੂਰੀ ਪਰੰਤੂ ਲੁਪਤ ਹੋ ਰਹੀ ਸਥਾਨਕ ਬਨਸਪਤੀ ਅਤੇ ਜੀਵ-ਜੰਤੂਆਂ ਦੀ ਕਿਸਮਾਂ ਨੂੰ ਬਚਾਉਣ ਲਈ, ਰਾਜ ਵਿਚ ਵਾਤਾਵਰਣ 'ਤੇ ਮਾੜੇ ਪ੍ਰਭਾਵ ਪਾਉਣ ਵਾਲੇ ਪੌਦਿਆਂ ਨੂੰ ਲਾਹੇਵੰਦ ਪੌਦਿਆਂ ਨਾਲ ਬਦਲਿਆ ਜਾਵੇ।

3) ਖੇਤ ਵਿਚ ਜੈਵਿਕ-ਵਿਭਿੰਨਤਾ ਨੂੰ ਵਧਾਉਣ ਵਾਲੀਆਂ ਫ਼ਸਲਾਂ ਅਤੇ ਕਿਸਮਾਂ ਨੂੰ ਪ੍ਰੋਤਸ਼ਾਹਿਤ ਕੀਤਾ ਜਾਵੇ ।

4) ਫ਼ਸਲ ਉਤਪਾਦਨ ਨੂੰ ਕਾਇਮ ਰੱਖਦੇ ਹੋਏ ਗ੍ਰੀਨ-ਹਾਊਸ ਗੈਸ ਨੂੰ ਘਟਾਉਣ, ਅਮੋਨੀਆ ਦੇ ਨਿਕਾਸ ਅਤੇ ਕਾਰਬਨ ਨੂੰ ਜਬਤ ਕਰਨ (ਸੀਕੁਐਸਟੇਰਿੰਗ) ਲਈ ਇਕ ਪਲਾਨ ਤਿਆਰ ਕੀਤਾ ਜਾਵੇ । ਸਰਕਾਰ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਬਾਇਓ ਐਥਨੌਲ, ਸੀ.ਐਨ.ਜੀ., ਕੰਪੋਸਟ, ਬਾਇਓ ਚਾਰ, ਬਿਜਲੀ ਉਤਪਾਦਨ ਅਤੇ ਅਜਿਹੇ ਹੋਰ ਕੰਮਾਂ ਲਈ ਵਰਤੋਂ ਨੂੰ ਉਤਸ਼ਾਹਿਤ ਅਤੇ ਪ੍ਰਚਲਿਤ ਕਰੇਗੀ ।

5) ਫ਼ਸਲੀ ਰਹਿੰਦ-ਖੂੰਹਦ ਨੂੰ ਸਾਂਭਣ ਲਈ ਖੇਤਰ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਬਹੁ-ਪੱਖੀ ਯੋਜਨਾ ਘੜੀ ਜਾਵੇ। ਝੋਨੇ ਦੀ ਪਰਾਲੀ ਲਈ ਚੈਲੰਜ ਫੰਡ ਦਾ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਤਾਂ ਜੋ ਫ਼ਸਲੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਨਵੇਂ ਢੰਗ ਤਰੀਕੇ ਲੱਭੇ ਜਾ ਸਕਣ ।

6) ਉੱਨਤ ਖੇਤੀ ਤਕਨੀਕਾਂ ਜਿਵੇਂ ਕਿ ਝੋਨੇ ਦੀ ਸਿੱਧੀ ਬਿਜਾਈ, ਪਰਾਲੀ ਨੂੰ ਸਾਂਭਣ ਦੀਆਂ ਤਕਨੀਕਾਂ ਅਤੇ ਅਜਿਹੀਆਂ ਹੋਰ ਤਕਨੀਕਾਂ ਤੋਂ ਕਾਰਬਨ ਕਰੈਡਿਟ ਦਾ ਲਾਭ ਉਠਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾਵੇ ।

## ਸ) ਜ਼ਮੀਨ

ਖੇਤੀਬਾੜੀ ਲਈ ਸਭ ਤੋਂ ਅਹਿਮ ਵਸੀਲਾ ਜ਼ਮੀਨ ਹੈ। ਇਸ ਦੀ ਆਦਰਸ਼ਕ ਵਰਤੋਂ ਲਈ ਸਰਕਾਰ :

1) ਇਹ ਸੁਨਿਚਿਤ ਕਰੇਗੀ ਕਿ ਖੇਤੀਯੋਗ ਜ਼ਮੀਨ ਦੀ ਗ਼ੈਰ ਖੇਤੀ ਮੰਤਵਾਂ ਲਈ ਵਰਤੋਂ ਅਣਸਰਦੇ ਨੂੰ ਹੀ ਕੀਤੀ ਜਾਵੇ ।

2) ਖੇਤੀ ਜ਼ਮੀਨ ਦੀ ਪੱਟੇਦਾਰੀ ਲਈ ਕਾਨੂੰਨ ਤਿਆਰ ਕਰੇਗੀ ।

3) ਸੰਪਤੀ ਦੀ ਵਿਰਾਸਤ ਮੌਕੇ ਛੇ ਮਹੀਨਿਆਂ ਦੇ ਅੰਦਰ-ਅੰਦਰ ਤਕਸੀਮ ਲਾਜ਼ਮੀ ਕਰੇਗੀ ਅਤੇ ਖੇਤੀ ਜੋਤਾਂ ਦੀ ਵੰਡ ਨੂੰ ਨਿਰਉਤਸ਼ਾਹਿਤ ਕੀਤਾ ਜਾਵੇਗਾ ।

4) ਜ਼ਮੀਨ ਮਾਲਕੀ ਲਈ ਤਕਸੀਮ ਲਾਜ਼ਮੀ ਕਰਾਰ ਕਰੇਗੀ ਅਤੇ ਤਕਸੀਮ ਦੀ ਪ੍ਰਕ੍ਰਿਆ ਨੂੰ ਸੌਖਾ ਬਣਾਏਗੀ । ਇਸ ਮੰਤਵ ਲਈ ਐਸ.ਡੀ.ਐਮ. ਅਤੇ ਤਹਿਸੀਲਦਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

5) ਇਹ ਸੁਨਿਚਿਤ ਕਰੇਗੀ ਕਿ ਪਿੰਡ ਦੀਆਂ ਸਾਂਝੀਆਂ ਜ਼ਮੀਨਾਂ ਦੀ ਵਰਤੋਂ ਪਿੰਡ ਦੇ ਸਾਰੇ ਵਸਨੀਕਾਂ ਦੇ ਸਾਂਝੇ ਮੰਤਵਾਂ ਲਈ ਹੋਵੇ। ਪ੍ਰਸ਼ਾਸਨ ਨੂੰ ਇਸ ਮੰਤਵ ਲਈ ਜ਼ਿੰਮੇਵਾਰ ਬਣਾਇਆ ਜਾਵੇਗਾ ਉਹ ਕਿ ਸਾਂਝੀ ਜ਼ਮੀਨ ਦੀ ਸਾਂਝੇ ਕੰਮ ਲਈ ਹੀ ਵਰਤੋਂ ਸੁਨਿਸ਼ਚਿਤ ਕਰੇ ।

6) ਪਿੰਡ ਦੀ ਪੰਚਾਇਤੀ ਜ਼ਮੀਨ ਆਰਥਿਕ ਅਤੇ ਸਮਾਜਕ ਤੌਰ ਤੇ ਪਛੜੇ ਕਿਸਾਨਾਂ, ਸਹਿਕਾਰੀ ਸਮੂਹ ਜਾਂ ਸੁਸਾਇਟੀਆਂ/ਗਰੁੱਪਾਂ ਨੂੰ ਪਹਿਲ ਦੇ ਅਧਾਰ 'ਤੇ ਪਟੇ ਤੇ ਦੇਣ ਦੀ ਵਿਵਸਥਾ ਕਰੇਗੀ।

7) ਇਹ ਯਕੀਨੀ ਬਣਾਏਗੀ ਕਿ ਦਲਿਤਾਂ ਲਈ ਰਾਖਵੀਂ ਪੰਚਾਇਤੀ ਜ਼ਮੀਨ ਦੀ ਵਰਤੋਂ ਹਰ ਹਾਲਤ ਵਿਚ ਕੇਵਲ ਦਲਿਤ ਵਰਗ ਹੀ ਕਰੇ।

8) ਉਸ ਪੰਚਾਇਤ ਨੂੰ ਜਿਸ ਦੀ ਜ਼ਮੀਨ ਉਤੇ ਕਿਸੇ ਦੁਆਰਾ ਕਬਜ਼ਾ ਕੀਤਾ ਗਿਆ ਹੋਵੇ ਨੂੰ ਵਿੱਤੀ ਦੰਡ ਲਗਾਏਗੀ । ਇਸ ਲਾਪ੍ਰਵਾਹੀ ਲਈ ਚੁਣੇ ਹੋਏ ਪਿੰਡ ਦੇ ਸਰਪੰਚ ਅਤੇ ਬਲਾਕ ਡਿਵਲਪਮੈਂਟ ਅਫਸਰ ਜਿੰਮੇਂਵਾਰ ਠਹਿਰਾਏ ਜਾਣਗੇ।

9) ਜ਼ਮੀਨ ਦੇ ਕੱਲਰ ਅਤੇ ਹੋਰ ਸੁਧਾਰਾਂ ਲਈ ਇਕ ਨਵਾਂ ਪ੍ਰੋਗਰਾਮ ਸ਼ੁਰੂ ਕਰੇਗੀ ।

10) ਮੌਜੂਦਾ ਬਜ਼ਾਰੀ ਕੀਮਤਾਂ ਦੇ ਅਧਾਰ ਤੇ ਜ਼ਮੀਨੀ ਕਿਰਾਏ ਮੁਹੱਈਆ ਕਰਾਉਣ ਲਈ "ਪੰਜਾਬ ਸਕਿਓਰਟੀ ਆਫ ਲੈਂਡ ਟੈਨਿਓਰ ਐਕਟ, 1953" ਵਿਚ ਸੋਧ ਕਰੇਗੀ ।

## ਹ) ਪਾਣੀ ਅਤੇ ਬਿਜਲੀ

ਖੇਤੀਬਾੜੀ ਲਈ ਸਭ ਤੋਂ ਕੀਮਤੀ ਸਰੋਤ ਹੈ। ਜ਼ਮੀਨ-ਦੋਜ਼ ਪਾਣੀ ਦੀ ਸਤਹ ਲਗਾਤਾਰ ਡਿਗਦੀ ਜਾ ਰਹੀ ਹੈ ਅਤੇ ਇਸ ਪਾਣੀ ਦਾ ਸਿੰਚਾਈ ਲਈ ਪ੍ਰਯੋਗ ਵਾਤਾਵਰਨ ਤੇ ਆਰਥਿਕ ਲਿਹਾਜ ਤੋਂ ਗੈਰ-ਲਾਹੇਵੰਦ ਬਣਦਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਦੱਖਣ-ਪੱਛਮੀ ਪੰਜਾਬ ਵਿਚ ਸੇਮ ਅਤੇ ਖਾਰੇਪਣ ਦੀ ਬਹੁਤ ਗੰਭੀਰ ਸਮੱਸਿਆ ਉਭਰ ਰਹੀ ਹੈ। ਇਸ ਲਈ ਪਾਣੀ ਦੀ ਉਤਪਾਦਕਤਾ ਵਧਾਉਣ ਲਈ ਸਰਕਾਰ:

1) ਸੂਬਾ ਪੱਧਰ 'ਤੇ ਜਲ ਨੀਤੀ ਘੜ੍ਹ ਕੇ ਜਲ ਸਰੋਤਾਂ ਦੀ ਸੰਯੁਕਤ ਅਤੇ ਸੁਚੱਜੀ ਤੇ ਉਚਤਮ ਵਰਤੋਂ ਨੂੰ ਉਤਸ਼ਾਹਿਤ ਅਤੇ ਨਿਯਮਤ ਕਰੇਗੀ।

2) ਨਹਿਰੀ 'ਮਾਮਲੇ' ਦੀ ਸਿੰਚਾਈ ਪ੍ਰਣਾਲੀ ਦੇ ਰੱਖ-ਰਖਾਵ ਲਈ ਵਰਤੋਂ ਕਰੇਗੀ । ਨਹਿਰ ਦੇ ਟੇਲ ਐਂਡ 'ਤੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਨਾਉਣ ਲਈ ਸਾਰੇ ਨਹਿਰੀ ਮੋਘਿਆਂ ਦੀ ਜਾਂਚ ਕੀਤੀ ਜਾਏਗੀ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਮੁੜ ਤਿਆਰ ਕੀਤਾ ਜਾਵੇਗਾ ਤਾਂ ਜੋ ਉਹਨਾਂ ਵਿਚੋਂ ਪਾਣੀ ਦੀ ਕੇਵਲ ਅਧਿਕਾਰਤ ਮਾਤਰਾ ਦਾ ਹੀ ਨਿਕਾਸ ਹੋਵੇ ।

3) ਨਹਿਰੀ ਪਾਣੀ ਦੀ ਚੋਰੀ ਨੂੰ ਰੋਕਣ ਲਈ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰੇਗੀ । ਡਵੀਜ਼ਨਲ ਨਹਿਰੀ ਅਫਸਰ ਨੂੰ ਉਸ ਦੇ ਅਧਿਕਾਰ ਖੇਤਰ ਵਿਚ ਪਾਣੀ ਦੀ ਚੋਰੀ ਲਈ ਜਵਾਬਦੇਹ ਬਣਾਇਆ ਜਾਵੇਗਾ ।

4) ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਉਣ ਲਈ ਬਣਾਏ ਗਏ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰੇਗੀ ਤਾਂ ਜੋ ਕਿਸਾਨ ਪਾਣੀ ਦੀ ਸੁਚੱਜੀ ਅਤੇ ਨਿਪੁੰਨਤਾ ਨਾਲ ਵਰਤੋਂ ਕਰ ਸਕਣ।

5) ਅਜਿਹੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰੇਗੀ ਜਿਨ੍ਹਾਂ ਰਾਹੀਂ ਖੇਤੀ ਲਈ ਪਾਣੀ ਦੀ ਨਿਪੁੰਨਤਾ ਨਾਲ ਵਰਤੋਂ ਕੀਤੀ ਜਾ ਸਕੇ, ਜਿਵੇਂ ਕਿ ਡਰਿੱਪ ਅਤੇ ਫੁਹਾਰਾ ਸਿੰਚਾਈ ਸਿਸਟਮ, ਸੂਰਜੀ ਊਰਜਾ ਨਾਲ ਚੱਲਣ ਵਾਲਾ ਸਿਸਟਮ ਆਦਿ ।

6) ਜ਼ਮੀਨ ਅਤੇ ਪਾਣੀ ਦੇ ਸੋਮਿਆਂ ਦਾ ਵਾਟਰਸ਼ੈਡ ਦੇ ਅਧਾਰ 'ਤੇ ਪ੍ਰਬੰਧਨ ਕਰੇਗੀ। ਵਾਟਰ ਹਾਰਵੈਸਟਿੰਗ ਸਟਰੱਕਚਰ ਦੇ ਨਿਰਮਾਣ ਦੁਆਰਾ, ਖਾਸ ਕਰਕੇ ਕੰਢੀ ਖੇਤਰ ਵਿਚ, ਮੀਂਹ ਦੇ ਪਾਣੀ ਦੀ ਸੰਭਾਲ ਕੀਤੀ ਜਾਵੇਗੀ । ਭੌਂ-ਖੁਰ ਨੂੰ ਰੋਕਣ ਲਈ, ਜਿੱਥੇ ਵੀ ਲੋੜ ਹੋਵੇ ਬਨਸਪਤੀ ਅਤੇ ਇੰਜਨੀਅਰਿੰਗ ਤਰੀਕਿਆਂ ਦੇ ਸੁਮੇਲ ਤੇ ਉਪਯੋਗ ਨਾਲ, ਡਰੇਨੇਜ ਲਾਈਨ ਟਰੀਟਮੈਂਟ ਨੂੰ ਉਤਸ਼ਾਹਿਤ ਕਰੇਗੀ ।

7) ਕੁਦਰਤੀ ਤੇ ਮਸਨੂਈ ਪਾਣੀ ਛੰਭਾਂ ਦੀ ਭੰਡਾਰਨ ਸਮੱਰਥਾ ਨੂੰ ਬਹਾਲ ਕਰਨ ਲਈ ਕਦਮ ਚੁੱਕੇਗੀ।

ਜ਼ਮੀਨਦੋਜ਼ ਪਾਣੀ ਦੀ ਨਾਜ਼ੁਕ ਸਥਿਤੀ ਵਾਲੇ ਖੇਤਰਾਂ ਵਿਚ ਇਸ ਦੀ ਰੀਚਾਰਜਿੰਗ ਨੂੰ ਤਰਜੀਹ ਦੇਵੇਗੀ।

8) ਰਾਜ ਦੀ ਮੌਜੂਦਾ ਨਹਿਰੀ ਅਤੇ ਡਰੇਨੇਜ ਪ੍ਰਣਾਲੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਰੱਖ-ਰਖਾਵ ਕਰੇਗੀ। ਨਹਿਰਾਂ ਦੀ ਲਾਈਨਿੰਗ ਨੂੰ ਤਰਜੀਹ ਦੇਵੇਗੀ। ਨਹਿਰੀ ਰੈਗੂਲੇਸ਼ਨ ਪ੍ਰਣਾਲੀ ਅਤੇ ਹੈਡ ਵਰਕਸ ਪ੍ਰਣਾਲੀ ਦਾ ਆਧੁਨਿਕੀਕਰਨ ਕਰੇਗੀ ।

9) ਨਹਿਰੀ ਪਾਣੀ ਦੇ ਮਿਆਰ ਅਤੇ ਉਸ ਵਿਚ ਅਸ਼ੁਧੀਆਂ ਦੀ ਨਿਸ਼ਾਨਦੇਹੀ ਲਈ ਨਿਰੰਤਰ ਨਿਗਰਾਨੀ ਯਕੀਨੀ ਬਣਾਏਗੀ।

10) ਬੇਕਾਰ ਅਤੇ ਵਰਤੇ ਹੋਏ ਪਾਣੀ ਦੀ ਸਿੰਜਾਈ ਲਈ ਮੁੜ ਵਰਤੋਂ ਨੂੰ ਵਧਾਵਾ ਦੇਵੇਗੀ। ਕੁਦਰਤੀ ਨਾਲਿਆਂ ਅਤੇ ਨਦੀਆਂ ਵਿਚ ਦੂਸ਼ਿਤ ਪਾਣੀ ਦੇ ਨਿਕਾਸ ਨੂੰ ਰੋਕੇਗੀ ।

11) ਦੂਸ਼ਿਤ ਪਾਣੀ ਦਾ ਨਿਕਾਸ ਕਰਨ ਵਾਲੀਆਂ ਸਾਰੀਆਂ ਸਨਅਤਾਂ ਲਈ ਟਰੀਟਮੈਂਟ ਪਲਾਂਟ ਲਗਾਉਣ ਸਬੰਧੀ ਹਦਾਇਤਾਂ ਨੂੰ ਸਖ਼ਤੀ ਨਾਲ ਲਾਗੂ ਕਰੇਗੀ।

12) ਜ਼ਮੀਨਦੋਜ਼ ਪਾਣੀ ਦੀ ਬੇਲੋੜੀ ਵਰਤੋਂ ਘੱਟ ਕਰਨ ਲਈ ਬਿਜਲੀ ਸਬਸਿਡੀ ਨੂੰ ਤਰਕਸੰਗਤ ਬਣਾਏਗੀ। ਬਿਜਲੀ ਸਬਸਿਡੀ ਕੇਵਲ ਆਮਦਨ ਟੈਕਸ ਭੁਗਤਾਨ ਨਾ ਕਰਨ ਵਾਲੇ ਕਿਸਾਨਾਂ ਤੱਕ ਸੀਮਤ ਕੀਤੀ ਜਾਵੇਗੀ ।

13) ਸ਼ੁਰੂਆਤ ਵਿਚ 4 ਹੈਕਟੇਅਰ ਜਾਂ ਇਸ ਤੋਂ ਵੱਧ ਜ਼ਮੀਨ ਦੇ ਮਾਲਕਾਂ ਲਈ 100/- ਰੁਪਏ ਪ੍ਰਤੀ ਹਾਰਸ ਪਾਵਰ ਪ੍ਰਤੀ ਮਹੀਨਾ ਦੀ ਦਰ 'ਤੇ ਇਕ ਫਲੈਟ ਰੇਟ ਲਾਗੂ ਕਰੇਗੀ ਜੋ ਕਿ ਛੋਟੇ, ਸੀਮਾਂਤ ਅਤੇ ਬੇਜ਼ਮੀਨੇ ਕਿਸਾਨਾਂ ਦੀ ਭਲਾਈ ਲਈ ਇਸਤੇਮਾਲ ਕੀਤਾ ਜਾਵੇਗਾ। ਇਸ ਤੋਂ ਬਾਅਦ ਇਨ੍ਹਾਂ ਕਿਸਾਨਾਂ ਲਈ ਬਿਜਲੀ ਸਬਸਿਡੀ ਇਕ ਵਿੱਤੀ ਬੰਦਸ਼ ਤੱਕ ਸੀਮਤ ਕਰਨ ਲਈ ਵਿਚਾਰ ਕਰੇਗੀ।

14) ਬਿਜਲੀ ਸਬਸਿਡੀ ਸਿੱਧੇ ਨਗਦ ਭੁਗਤਾਨ ਦੇ ਰੂਪ ਵਿਚ ਦੇਣ 'ਤੇ ਵਿਚਾਰ ਕਰੇਗੀ ।

15) ਮੁਫ਼ਤ ਰਿਹਾਇਸ਼ੀ ਸਬਸਿਡੀ ਨੂੰ ਦਿਹਾਤੀ ਖੇਤਰ ਵਿਚ ਸਮਾਜਕ ਤੇ ਆਰਥਿਕ ਤੌਰ ਤੇ ਪਛੜੇ ਵਰਗਾਂ ਤੱਕ ਸੀਮਤ ਕਰਨ ਤੇ ਵਿਚਾਰ ਕਰੇਗੀ ।

## ਕ) ਫ਼ਸਲ-ਪਾਲਣ

ਕਿਸਾਨਾਂ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀ ਉਤੇ ਨਿਰਭਰ ਕਰਦੀ ਹੈ । ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਫ਼ਸਲੀ ਵਿਭਿੰਨਤਾ ਨੂੰ ਵਾਤਾਵਰਨ ਅਤੇ ਆਰਥਿਕ ਪੱਖੋਂ ਉਤਸ਼ਾਹਿਤ ਕਰਨਾ ਬਹੁਤ ਜਰੂਰੀ ਹੈ । ਇਸ ਲਈ ਸਰਕਾਰ :

1) ਕੁਦਰਤੀ ਸੋਮਿਆਂ ਅਤੇ ਬਜ਼ਾਰ ਦੀ ਮੰਗ ਦੇ ਅਧਾਰ 'ਤੇ ਖੇਤਰ ਵਿਸ਼ੇਸ਼ ਫ਼ਸਲ ਉਤਪਾਦਨ ਲਈ ਪਲਾਨ ਤਿਆਰ ਕਰੇਗੀ ਤਾਂ ਜੋ ਵੱਖ-ਵੱਖ ਵਿਭਾਗਾਂ ਵਲੋਂ ਕੀਤੇ ਜਾ ਰਹੇ ਨਿਵੇਸ਼ ਅਤੇ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਨੂੰ ਰਾਜ ਸਰਕਾਰ ਦੇ ਉਦੇਸ਼ ਦੀ ਪੂਰਤੀ ਲਈ ਵਰਤਿਆ ਜਾ ਸਕੇ । ਵੱਖ-ਵੱਖ ਸਕੀਮਾਂ ਅਧੀਨ ਫੰਡਾਂ ਦੀ ਵੰਡ ਇਸ ਪਲਾਨ ਅਨੁਸਾਰ ਕੀਤੀ ਜਾਵੇਗੀ ।

2) ਹੰਢਣਸਾਰ ਵਿਵਸਥਾ ਵਿਕਸਤ ਕਰਨ ਲਈ ਖੇਤੀ-ਪਰਿਆਵਰਣਕ ਪ੍ਰਬੰਧਨ ਨੂੰ ਪ੍ਰਤੋਸਾਹਿਤ ਕਰੇਗੀ ।

3) ਜੈਵਿਕ ਖੇਤੀ ਨੂੰ ਪ੍ਰਤੋਸਾਹਿਤ ਕਰੇਗੀ । ਵੱਖ-ਵੱਖ ਅਦਾਰਿਆਂ ਵਲੋਂ ਜੈਵਿਕ ਖੇਤੀ ਲਈ ਲਾਗੂ ਕੀਤੀਆਂ ਜਾ ਰਹੀਆਂ ਸਾਰੀਆਂ ਗਤੀਵਿਧੀਆਂ/ਸਕੀਮਾਂ ਨੂੰ ਖੇਤੀਬਾੜੀ ਵਿਭਾਗ ਅਧੀਨ ਲਿਆਂਦਾ ਜਾਵੇਗਾ । ਜੈਵਿਕ ਖੇਤੀ ਲਈ ਸਰਟੀਫੀਕੇਸ਼ਨ ਲੈਣ ਵਾਸਤੇ ਸਹਾਇਤਾ ਦਿੱਤੀ ਜਾਵੇਗੀ।

4) ਰਾਜ ਵਿਚ ਗੈਰ-ਮਿਆਰੀ ਖੇਤੀ ਇਨਪੁੱਟਸ ਦੀ ਵਿਕਰੀ ਨੂੰ ਰੋਕਣ ਲਈ ਹਰ ਸੰਭਵ ਕੋਸਿਸ਼ ਕਰੇਗੀ ਅਤੇ ਇਸ ਇਸ ਮੰਤਵ ਲਈ ਰਾਜ ਦਾ ਆਪਣਾ ਕਾਨੂੰਨ ਬਨਾਉਣ ਦੀ ਸੰਭਾਵਨਾ ਨੂੰ ਘੋਖਿਆ ਜਾਵੇਗਾ।

5) ਕੇਵਲ ਉਨ੍ਹਾਂ ਕੀਟਨਾਸ਼ਕਾਂ ਦੀ ਵਿਕਰੀ ਲਈ ਲਾਇਸੈਂਸ ਜਾਰੀ ਕਰੇਗੀ, ਜਿਨ੍ਹਾਂ ਦਾ ਪ੍ਰਯੋਗ ਪੀ.ਏ.ਯੂ. ਦੁਆਰਾ ਪੈਕੇਜ ਆਫ ਪ੍ਰੈਕਟਿਸਜ਼ ਵਿਚ ਸਿਫਾਰਸ਼ ਕੀਤਾ ਗਿਆ ਹੋਵੇਗਾ ।

6) ਇਹ ਸੁਨਿਸ਼ਚਿਤ ਕਰੇਗੀ ਕਿ ਹਰ ਖੇਤ ਲਈ ਸੁਆਇਲ ਹੈਲਥ ਕਾਰਡ ਬਣਾਏ ਜਾਣ ਅਤੇ ਕਿਸਾਨਾਂ ਨੂੰ ਮਿੱਟੀ ਅਤੇ ਫ਼ਸਲ ਦੀ ਲੋੜ ਅਨੁਸਾਰ ਖਾਦਾਂ ਦਾ ਸਹੀ ਇਸਤੇਮਾਲ ਕਰਨ ਲਈ ਸਿੱਖਿਅਤ ਕੀਤਾ ਜਾਵੇ । ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ, ਰਸਾਇਣਿਕ ਅਤੇ ਜੈਵਿਕ ਖਾਦਾਂ ਦੇ ਸੰਤੁਲਿਤ ਅਤੇ ਸੰਯੁਕਤ ਉਪਯੋਗ ਨੂੰ ਵਧਾਵਾ ਦੇਵੇਗੀ । ਫ਼ਸਲਾਂ ਦੇ ਵਧੇਰੇ ਝਾੜ, ਕੀੜੇ-ਮਕੌੜਿਆਂ ਦਾ ਪ੍ਰਬੰਧ ਅਤੇ ਸਿੰਚਾਈ ਦੇ ਪਾਣੀ ਦਾ ਘੱਟ ਪ੍ਰਯੋਗ ਲਈ ਨਵੀਆਂ ਤਕਨੀਕਾਂ ਜਿਵੇਂ ਕਿ ਮਾਈਕਰੋਬਾਇਓਮ ਤਕਨੀਕ ਨੂੰ ਰਾਜ ਵਿਚ ਲਾਗੂ ਕਰੇਗੀ ।

7) ਸੂਬੇ ਦੀਆਂ ਸਾਰੀਆਂ ਪ੍ਰਮੁੱਖ ਫ਼ਸਲਾਂ ਲਈ ਇੰਟੀਗਰੇਟਿਡ ਪੈਸਟ ਐਂਡ ਡਿਸੀਜ਼ ਮੈਨੇਜਮੈਂਟ

ਸ਼ਡਿਊਲ ਵਿਕਸਿਤ ਕਰੇਗੀ ਤਾਂ ਜੋ ਖੇਤੀ ਰਸਾਇਣਾਂ ਦੀ ਵਰਤੋਂ ਵਿਚ ਸਲਾਨਾ 10 ਫ਼ੀਸਦੀ ਕਮੀ ਕੀਤੀ ਜਾ ਸਕੇ ।

8) ਸੂਬੇ ਵਿਚ ਤਸਦੀਕ-ਸ਼ੁਦਾ ਬੀਜ ਦੀ ਵਿਕਰੀ ਨੂੰ ਯਕੀਨੀ ਬਨਾਉਣ ਲਈ ਇਕ ਵੱਖਰੀ ਬੀਜ ਨੀਤੀ ਤਿਆਰ ਕਰੇਗੀ । ਰਾਜ ਵਿਚ ਬੀਜ ਏਜੰਸੀਆਂ ਅਤੇ ਬੀਜਾਂ ਦੇ ਉਤਪਾਦਨ ਖਾਸ ਤੌਰ ਤੇ ਚਾਰੇ ਦੇ ਬੀਜ ਦੇ ਉਤਪਾਦਨ ਨੂੰ ਪ੍ਰੋਤਸਾਹਿਤ ਕਰੇਗੀ । ਵਧੇਰੇ ਉਪਜ ਵਾਲੀਆਂ ਕਿਸਮਾਂ/ਹਾਈਬਰਿਡ ਬੀਜਾਂ ਦੇ ਉਤਪਾਦਨ ਨੂੰ ਮਜ਼ਬੂਤ ਕਰਨ ਲਈ ਪ੍ਰਾਈਵੇਟ ਖੇਤਰ ਦੀ ਭੂਮਿਕਾ ਨੂੰ ਵਧਾਇਆ ਜਾਵੇਗਾ।

9) "ਪਲਾਂਟਿੰਗ ਮਟੀਰੀਅਲ ਤੇ ਨਰਸਰੀ ਐਕਟ, 1961" ਵਿੱਚ ਸੋਧ ਕੀਤੀ ਜਾਵੇਗੀ ਤਾਂ ਜੋ ਕਿ ਕਿਸਾਨਾਂ ਨੂੰ ਮਿਆਰੀ ਤੇ ਬਿਮਾਰੀ ਰਹਿਤ ਪੌਧੇ/ਬੂਟੇ ਮੁਹੱਈਆ ਕਰਵਾਏ ਜਾ ਸਕਣ ।

10) ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ ਤਾਂ ਜੋ ਕਿ ਕਿਸਾਨਾਂ ਲਈ ਇਹ ਇਕ ਸਥਾਈ ਅਤੇ ਵਿਹਾਰਿਕ ਲਾਹੇਵੰਦ ਉੱਦਮ ਬਣ ਸਕੇ । ਖਾਸ ਕਰਕੇ ਕਲਸਟਰ ਖੇਤੀ ਅਤੇ ਸ਼ਹਿਰੀ ਖੇਤਰਾਂ ਦੇ ਆਲੇ-ਦੁਆਲੇ ਇਨ੍ਹਾਂ ਦੀ ਖੇਤੀ ਉਤੇ ਧਿਆਨ ਦਿੱਤਾ ਜਾਵੇਗਾ।

11) ਕਿਸਾਨ ਦੀ ਆਮਦਨ ਵਧਾਉਣ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਫੁੱਲਾਂ ਦੀ ਕਾਸ਼ਤ ਦੇ ਕਿੱਤੇ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਦੇਵੇਗੀ।

12) ਕਿਸਾਨਾਂ ਦੀ ਉਪਜੀਵਕਾ ਅਤੇ ਖੇਤੀ ਦੀ ਹੰਢਣਸਾਰਤਾ ਨੂੰ ਸੁਧਾਰਣ ਲਈ ਮਧੂਮੱਖੀ ਪਾਲਣ ਦੇ ਧੰਦੇ ਨੂੰ ਪ੍ਰੋਤਸਾਹਿਤ ਕਰੇਗੀ ।

13) ਕੇਵਲ ਉਨ੍ਹਾਂ ਖੇਤਰਾਂ ਵਿਚ ਪੌਲੀ ਹਾਊਸ ਵਿਚ ਕਾਸ਼ਤ ਨੂੰ ਉਤਸ਼ਾਹਿਤ ਕਰੇਗੀ ਜਿੱਥੇ ਕਿਸਾਨਾਂ ਨੂੰ ਇਸ ਤਕਨੀਕ ਸਬੰਧੀ ਜਾਣਕਾਰੀ ਅਤੇ ਸਹਾਇਤਾ ਦੇਣ ਲਈ ਸਿਖਲਾਈ ਪ੍ਰਾਪਤ ਪ੍ਰਸਾਰ ਮਾਹਿਰ ਉਪਲੱਬਧ ਹੋਣਗੇ।

14) ਸੂਬੇ ਦੇ ਬੇਟ ਏਰੀਆ, ਸੇਮਗ੍ਰਸਤ ਅਤੇ ਖਾਰੇਪਨ ਨਾਲ ਪ੍ਰਭਾਵਿਤ ਖੇਤਰ ਵਿੱਚ ਐਗਰੋ ਫੌਰੈਸਟਰੀ ਨੂੰ ਉਤਸ਼ਾਹਿਤ ਕਰੇਗੀ ।

## ਖ) ਪਸ਼ੂ ਪਾਲਣ, ਮੱਛੀ ਪਾਲਣ ਤੇ ਹੋਰ ਸਹਾਇਕ ਧੰਦੇ

ਸਰਕਾਰ ਭਲੀਭਾਂਤ ਜਾਣੂੰ ਹੈ ਕਿ ਪਸ਼ੂ ਪਾਲਣ ਵਿੱਚ ਵਿਕਾਸ ਨੂੰ ਪ੍ਰੇਰਤ ਕਰਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਪਸ਼ੂ ਪਾਲਣ ਦਾ ਕਿੱਤਾ ਵੱਡੀ ਗਿਣਤੀ ਵਿਚ ਕਿਸਾਨ ਪਰਿਵਾਰਾਂ ਨੂੰ ਸਵੈ-ਰੁਜ਼ਗਾਰ ਪ੍ਰਦਾਨ ਕਰਨ ਦੀ ਸਮਰੱਥਾ ਰਖਦਾ ਹੈ। ਇਸ ਲਈ ਸਰਕਾਰ ਇਹ ਯਤਨ ਕਰੇਗੀ ਕਿ:

1) ਉੱਚ ਅਨੁਵੰਸ਼ਿਕ (ਜੈਨੇਟਿਕ) ਮੈਰਿਟ ਦੀਆਂ ਮੱਝਾਂ ਦੇ ਪਾਲਣ ਨੂੰ ਖੋਜ ਰਾਹੀਂ ਪ੍ਰਾਥਮਿਕਤਾ ਦੇ ਕੇ, ਮੱਝ ਨੂੰ ਭਵਿੱਖ ਦੇ ਡੇਅਰੀ ਜਾਨਵਰ ਵਜੋਂ ਵਿਕਸਤ ਕੀਤਾ ਜਾਵੇ। ਨਰ ਵੱਛੜਿਆਂ ਦਾ ਮੀਟ ਲਈ ਪਾਲਣ-ਪੋਸ਼ਣ ਕਰਨ ਨਾਲ ਕਿਸਾਨਾਂ ਨੂੰ ਆਰਥਿਕ ਫਾਇਦਾ ਹੋਵੇਗਾ ਅਤੇ ਰੁਜ਼ਗਾਰ ਦੇ ਅਵਸਰ ਵੀ ਪੈਦਾ ਹੋਣਗੇ।

2) ਪਹਿਲਾ ਸੂਆ ਪੁਆਉਣ ਦੇ ਸਮੇਂ ਨੂੰ 8-9 ਮਹੀਨੇ ਘੱਟ ਕਰਨ ਲਈ ਉੱਚ-ਅਨੁਵੰਸ਼ਿਕ ਸੰਭਾਵੀ ਵੱਛੀਆਂ ਦੀ ਨਰਸਰੀ ਸਥਾਪਿਤ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਲੋੜੀਂਦਾ ਬਦਲਵਾਂ ਸਟਾਕ ਉਪਲਬਧ ਕਰਵਾਇਆ ਜਾ ਸਕੇ।

3) ਬੱਕਰੀਆਂ ਪਾਲਣ ਦੇ ਕਿੱਤੇ ਨੂੰ ਉਪਜੀਵਕਾ ਦੇ ਸੁਧਾਰ ਲਈ ਖਾਸ ਕਰਕੇ ਪੇਂਡੂ ਗਰੀਬ ਪਰਿਵਾਰਾਂ ਦੀ ਆਮਦਨ ਵਿਚ ਸੁਧਾਰ ਲਈ ਉਤਸ਼ਾਹਿਤ ਕੀਤਾ ਜਾਵੇ।

4) ਕਿਸਾਨਾਂ ਨੂੰ ਖੇਤੀ ਆਮਦਨ ਵਿਚ ਵਿਭਿੰਨਤਾ ਅਤੇ ਰੋਜ਼ਗਾਰ ਉਤਪਤੀ ਲਈ ਸੂਰ ਪਾਲਣ ਦੇ ਕਿੱਤੇ ਨੂੰ ਅਪਨਾਉਣ ਵੱਲ ਪ੍ਰੇਰਤ ਕੀਤਾ ਜਾਵੇ।

5) ਘਰਾਂ ਵਿਚ ਮੁਰਗੀ ਪਾਲਣ ਨੂੰ ਇਸ ਮੰਤਵ ਲਈ ਯੋਗ ਕਿਸਮਾਂ ਉਪਲਬਧ ਕਰਾ ਕੇ ਪ੍ਰਤੋਸਾਹਿਤ ਕੀਤਾ ਜਾਵੇ।

6) ਪੰਜਾਬ ਨੂੰ ਉਚ-ਮਿਆਰੀ ਅਨੁਵੰਸ਼ਿਕ ਢੱਠਿਆਂ ਅਤੇ ਵੀਰਜ਼ ਦੇ ਭੰਡਾਰ ਵਾਲੇ ਰਾਜ ਵਜੋਂ ਵਿਕਸਤ ਕੀਤਾ ਜਾਵੇ। ਇਸ ਮੰਤਵ ਲਈ ਉਚ-ਮਿਆਰੀ ਪਸ਼ੂਆਂ ਦੀ ਸ਼ਨਾਖਤ, ਚੋਣ ਅਤੇ ਰਜਿਸਟਰੇਸ਼ਨ ਕਿਸਾਨਾਂ ਨਾਲ ਭਾਗੀਦਾਰੀ ਰਾਹੀਂ ਕੀਤੀ ਜਾਵੇਗੀ।

7) ਪਸ਼ੂਆਂ ਦੀ ਜੈਨੇਟਿਕ ਚੋਣ ਵਿਚ ਸੁਧਾਰ, ਇਨ੍ਹਾਂ ਦੀ ਟਰੇਸੇਬਿਲਿਟੀ ਨੂੰ ਯਕੀਨੀ ਬਨਾਉਣ ਅਤੇ ਰੋਗਾਣੂੰਨਾਸ਼ਕ ਦੀ ਵਰਤੋਂ ਘੱਟ ਕਰਨ ਲਈ ਸੂਬੇ ਵਿਚ ਪਸ਼ੂਆਂ ਦੀ ਹਰਡ ਰਜਿਸਟ੍ਰੇਸ਼ਨ ਨੂੰ ਸ਼ੁਰੂ ਕੀਤਾ ਜਾਵੇ।

8) ਮੌਜੂਦਾ ਪਸ਼ੂ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿਚ ਸੁਧਾਰ ਕੀਤਾ ਜਾਵੇ। ਪਸ਼ੂਆਂ ਦੇ ਡਾਕਟਰਾਂ (ਵੈਟਨਰੀ ਡਾਕਟਰ) ਅਤੇ ਹੋਰ ਸਟਾਫ ਦੀ ਯੋਗਤਾ ਵਿਚ ਵਾਧਾ ਕਰਨ ਲਈ ਸਮੇਂ ਸਮੇਂ ਤੇ ਰਿਫਰੈਸ਼ਰ ਕੋਰਸ ਅਤੇ ਲਾਜ਼ਮੀ ਟ੍ਰੇਨਿੰਗ ਦੀ ਵਿਵਸਥਾ ਕਰਨ ਲਈ ਕਦਮ ਚੁੱਕੇ ਜਾਣਗੇ।

9) ਕਿਸਾਨਾਂ ਨੂੰ ਆਰਥਿਕ ਨੁਕਸਾਨ ਤੋਂ ਬਚਾਉਣ ਲਈ, ਕਿਸਾਨਾਂ ਦੇ ਘਰਾਂ ਤੇ ਛੂਤ ਦੀਆਂ ਮੁੱਖ ਬਿਮਾਰੀਆਂ ਲਈ ਪਸ਼ੂਆਂ ਦੀ ਨਿਯਮਤ ਜਾਂਚ ਕਰਵਾਈ ਜਾਵੇ । ਪੰਜਾਬ ਨੂੰ ਪਸ਼ੂਆਂ ਦੀਆਂ ਬਿਮਾਰੀਆਂ ਤੋਂ ਮੁਕਤ ਬਣਾਉਣ ਲਈ ਲਗਾਤਾਰ ਤੇ ਲਾਜ਼ਮੀ ਤੌਰ 'ਤੇ ਟੀਕਾਕਰਨ ਕਰਵਾਇਆ ਜਾਵੇ।

10) ਬਿਮਾਰੀਆਂ ਦੀ ਪ੍ਰਭਾਵਸ਼ਾਲੀ ਰੋਕਥਾਮ ਲਈ ਟੀਕਿਆਂ ਦਾ ਸਹੀ ਭੰਡਾਰਨ ਅਤੇ ਕੋਲਡ ਚੇਨ ਦੀ ਸੁਵਿਧਾ ਸੁਨਿਸ਼ਿਤ ਕੀਤੀ ਜਾਵੇ ।

11) ਪਸ਼ੂਆਂ ਦੀ ਫੀਡ ਦੀ ਗੁਣਵੱਤਾ ਨੂੰ ਨਿਯਮਤ ਕਰਨ ਲਈ ਕਾਨੂੰਨ ਬਣਾਇਆ ਜਾਵੇ । ਪਸ਼ੂਆਂ ਲਈ ਸੰਤੁਲਿਤ ਖੁਰਾਕ ਨੂੰ ਪ੍ਰੋਤਸਾਹਿਤ ਕੀਤਾ ਜਾਵੇ ਅਤੇ ਪਸ਼ੂਆਂ ਦੇ ਪੋਸ਼ਣ ਦੀ ਜਰੂਰਤ ਨੂੰ ਪੂਰਾ ਕਰਨ ਲਈ ਇਲਾਕਾ ਅਧਾਰਿਤ ਖਣਿਜ਼ ਮਿਸ਼ਰਣ ਉਪਲੱਬਧ ਕਰਵਾਏ ਜਾਣ ।

12) ਚਾਰੇ ਦੀ ਸਾਂਭ-ਸੰਭਾਲ ਲਈ ਨਵੇਂ ਤਰੀਕੇ ਭਾਵ ਚਾਰੇ ਦਾ ਅਚਾਰ ਅਤੇ ਗੱਠਾਂ ਆਦਿ ਬਣਾਉਣ ਦੀਆਂ ਤਕਨੀਕਾਂ ਨੂੰ ਪ੍ਰਚਲਤ ਕੀਤਾ ਜਾਵੇ ।

13) ਖਾਰੇਪਣ ਅਤੇ ਸੇਮ ਨਾਲ ਪ੍ਰਭਾਵਿਤ ਇਲਾਕੇ, ਖਾਸਕਰ ਪੰਜਾਬ ਦੇ ਦੱਖਣੀ-ਪੱਛਮੀ ਜ਼ਿਲਿਆਂ ਵਿੱਚ ਘੱਟ ਉਪਜਾਊ ਜ਼ਮੀਨਾਂ ਵਿਚ ਮੱਛੀ ਪਾਲਣ ਦੇ ਕਿੱਤੇ ਨੂੰ ਉਤਸ਼ਾਹਿਤ ਕੀਤਾ ਜਾਵੇ ।

14) ਸੂਬੇ ਵਿਚ ਉਚ-ਮਿਆਰੀ ਮੱਛੀ ਦੇ ਬੀਜ ਦੀ ਉਪਲਬਧਤਾ ਵਧਾਉਣ ਲਈ ਹੈਚਰੀਆਂ ਦੀ ਕਾਰਜ-ਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਲੋੜੀਂਦਾ ਸਹਾਇਕ ਢਾਂਚਾ ਅਤੇ ਸਿੱਖਿਅਤ ਸਟਾਫ ਤਾਇਨਾਤ ਕੀਤਾ ਜਾਵੇ। ਸੂਬਾ-ਪੱਧਰ ਤੇ "ਬਰੂਡ ਬੈਂਕ" ਦੀ ਸਥਾਪਨਾ ਕੀਤੀ ਜਾਵੇ ਅਤੇ ਹੈਚਰੀ ਦੀ ਰਜਿਸਟਰੇਸ਼ਨ ਅਤੇ ਬੀਜ ਦੀ ਸਰਟੀਫਿਕੇਸ਼ਨ ਸ਼ੁਰੂ ਕੀਤੀ ਜਾਵੇ ।।

15) ਬੁੱਚੜਖਾਨਿਆਂ (ਸਲਾਟਰ ਹਾਊਸ) ਦੇ ਆਧੁਨਿਕਰਨ ਨੂੰ ਉਤਸ਼ਾਹਿਤ ਕੀਤਾ ਜਾਵੇ । ਬੁੱਚੜ ਦੀਆਂ ਦੁਕਾਨਾਂ ਲਈ ਇਕ ਫਰੇਮਵਰਕ ਤਿਆਰ ਕੀਤਾ ਜਾਵੇ ਅਤੇ ਬੁੱਚੜਖਾਨੇ ਦੀ ਰਹਿੰਦ-ਖੂੰਹਦ ਤੋਂ ਹੋਰ ਵਧੇਰੇ ਮੁੱਲ ਵਾਧੇ ਦੇ ਉਤਪਾਦ ਤਿਆਰ ਕਰਨ ਨੂੰ ਵਧਾਵਾ ਦਿੱਤਾ ਜਾਵੇ।

16) ਮੀਟ ਦੀ ਗੁਣਵੱਤਾ ਲਈ ਪੈਮਾਨਿਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ । ਰਾਜ ਵਿਚ ਮੀਟ ਦੀ ਇਕਸਾਰ ਗੁਣਵੱਤਾ ਦੇ ਮੁਲੰਕਣ ਲਈ ਅਤੇ ਪਸ਼ੂਧਨ ਦੀ ਰਹਿੰਦ-ਖੂੰਹਦ ਦੇ ਪ੍ਰਬੰਧ ਲਈ ਵੀ ਪ੍ਰਨਾਲੀ ਵਿਕਸਿਤ ਕੀਤੀ ਜਾਵੇ ।

17) ਰਾਜ ਵਿਚ ਮੁਰਦਾ ਪਸ਼ੂਆਂ ਦੀ ਸੰਭਾਲ ਲਈ ਰੈਂਡਰਿੰਗ ਪਲਾਂਟ (ਪਸ਼ੂਆਂ ਦੇ ਹੱਡ-ਚੰਮ ਦੀ ਵਰਤੋਂ ਵਾਲੇ ਯੂਨਿਟ) ਲਗਾਉਣ ਨੂੰ ਉਤਸ਼ਾਹਿਤ ਕੀਤਾ ਜਾਵੇ ।

18) ਪਸ਼ੂ-ਪਾਲਣ ਵਿਭਾਗ/ਹੋਰ ਏਜੰਸੀਆਂ ਵਲੋਂ ਅਪਾਤਕਲੀਨ ਸੇਵਾਵਾਂ ਅਤੇ ਮਨਸੂਈ ਗਰਭਧਾਨ ਸੇਵਾਵਾਂ ਚੌਵੀ ਘੰਟੇ ਮੁਹੱਈਆ ਕਰਵਾਏ ਜਾਣ। ਹਰ ਪਸ਼ੂ ਹਸਪਤਾਲ ਵਿਚ ਮੁੱਢਲੀ ਜਾਂਚ-ਪੜਤਾਲ ਲਈ ਲੈਬੋਰਟਰੀ ਅਤੇ ਹਰ ਪੌਲੀ-ਚਕਿਤਸਾਲਾ ਦੇ ਨਾਲ ਮੌਲੀਕਿਊਲਰ ਜਾਂਚ ਲੈਬੋਰਟਰੀ ਬਣਾਉਣਾ ਸੁਨਿਸ਼ਚਿਤ ਕਰੇਗੀ ਤਾਂ ਜੋ ਸਮੇਂ ਸਿਰ ਬਿਮਾਰੀਆਂ ਦੀ ਪਹਿਚਾਣ ਅਤੇ ਰੋਕਥਾਮ ਕੀਤੀ ਜਾ ਸਕੇ ।

19) ਰਾਜ ਵਿਚ ਬਿਨਾਂ ਕਿਸੇ ਰੁਕਾਵਟ ਤੋਂ ਪਸ਼ੂਆਂ ਦੀ ਢੋਆ-ਢੁਆਈ ਕਰਨ ਨੂੰ ਸੁਨਿਸ਼ਚਿਤ ਕੀਤਾ ਜਾਵੇ ।

20) "ਗਊ ਸੈੱਸ" ਨੂੰ ਠੀਕ ਤਰ੍ਹਾਂ ਇਕੱਠਾ ਕੀਤਾ ਜਾਵੇ ਅਤੇ ਇਸ ਦੀ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ ।

## ਗ) ਖੇਤੀਬਾੜੀ ਖੋਜ ਅਤੇ ਸਿੱਖਿਆ

ਮਹੱਤਵਪੂਰਨ ਰਵਾਇਤੀ ਧਾਰਨਾਵਾਂ (ਪ੍ਰੈਕਟਿਸਜ਼) ਅਤੇ ਨਵੀਆਂ ਤਕਨੀਕਾਂ ਬਾਰੇ ਵਿਗਿਆਨਿਕ ਗਿਆਨ ਵਿਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਸਰਕਾਰ:

1) ਯੂਨੀਵਰਸਿਟੀਆਂ ਨੂੰ ਲੋੜੀਂਦੇ ਮਨੁੱਖੀ ਵਸੀਲਿਆਂ, ਕੰਮਕਾਜੀ ਸੰਯੋਗਤਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸੁਨਿਸਚਿਤ ਕਰੇਗੀ ਅਤੇ ਗੁਰੂ ਅੰਗਦ ਦੇਵ ਵੈਟਨਰੀ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵਿਚ ਪਸ਼ੂਧਨ ਖੋਜ ਨੂੰ ਮਜ਼ਬੂਤ ਕਰੇਗੀ।

2) ਭਾਰਤੀ ਖੇਤੀਬਾੜੀ ਖੋਜ ਸੰਸਥਾ ਦੇ ਮਾਪ-ਦੰਡਾਂ ਦੇ ਅਧਾਰ ਤੇ ਖੇਤੀਬਾੜੀ ਸਿੱਖਿਆ ਦੇ ਮਿਆਰ ਵਿਚ ਸੁਧਾਰ ਲਿਆਉਣ ਅਤੇ ਇਸ ਨੂੰ ਨਿਯੰਤਰਿਤ ਕਰਨ ਲਈ 'ਪੰਜਾਬ ਸਟੇਟ ਕੌਂਸਲ ਫਾਰ ਹਾਇਰ ਐਜੂਕੇਸ਼ਨ ਐਕਟ, 2017' ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰੇਗੀ।

3) ਕਿਸਾਨਾਂ ਦੀ ਆਮਦਨ ਅਤੇ ਖੇਤੀ ਵਿਭਿੰਨਤਾ ਨੂੰ ਵਧਾਉਣ ਲਈ, ਖੇਤੀ ਪ੍ਰਣਾਲੀ (ਫਾਰਮਿੰਗ ਸਿਸਟਮ), ਖਾਸ ਕਰਕੇ ਇੰਟਰਕਰੌਪਿੰਗ ਬਾਰੇ ਖੋਜ 'ਤੇ ਧਿਆਨ ਕੇਂਦਰਿਤ ਕਰੇਗੀ।

4) ਯੂਨੀਵਰਸਿਟੀਆਂ ਨੂੰ ਖੇਤੀਬਾੜੀ ਨਾਲ ਸਬੰਧਿਤ ਜ਼ਮੀਨੀ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨਾਂ ਦੇ ਹੱਲ ਲਈ, ਖਾਸ ਤੌਰ 'ਤੇ ਘੱਟ ਪਾਣੀ ਵਰਤਣ ਵਾਲੀਆਂ ਫ਼ਸਲਾਂ ਅਤੇ ਸੇਮ ਪ੍ਰਭਾਵਿਤ ਇਲਾਕਿਆਂ ਵਿੱਚ ਖਾਰੇਪਣ ਨੂੰ ਬਰਦਾਸ਼ਤ ਕਰਨ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਵਿਕਸਿਤ ਕਰਨ ਲਈ ਖੋਜ ਉਤੇ ਵਿਸ਼ੇਸ਼ ਧਿਆਨ ਦੇਣ ਦੀ ਸਲਾਹ ਦੇਵੇਗੀ।

5) ਵੱਧ ਝਾੜ ਦੇਣ ਵਾਲੀ ਕਿਸਮਾਂ ਦੇ ਬੀਜਾਂ ਜੋ ਕਿ ਜੈਵਿਕ ਅਤੇ ਅ-ਜੈਵਿਕ ਦਬਾਅ (ਸਟਰੈਸਜ਼) ਸਹਿਣ ਦੇ ਯੋਗ ਹੋਣ, ਨੂੰ ਵਿਕਸਿਤ ਕਰਨ ਤੇ ਧਿਆਨ ਕੇਂਦਰਿਤ ਕਰੇਗੀ।

6) ਨਵੀਨਤਮ ਤਕਨੀਕਾਂ ਦੇ ਵਿਸਥਾਰ ਅਤੇ ਗਿਆਨ ਦੇ ਪ੍ਰਸਾਰ ਲਈ ਯੂਨੀਵਰਸਿਟੀ ਅਤੇ ਸਬੰਧਤ ਵਿਭਾਗਾਂ ਵਿਚਾਲੇ ਤਾਲ-ਮੇਲ ਵਿਚ ਸੁਧਾਰ ਕਰੇਗੀ। ਕਿਸਾਨਾਂ ਨੂੰ ਫ਼ਸਲਾਂ ਦੀ ਪੈਦਾਵਾਰ ਲਈ ਨਵੀਆਂ ਤਕਨੀਕਾਂ ਦੀ ਸਿਫਾਰਸ਼ ਉਨ੍ਹਾਂ ਦੀ ਫੀਡਬੈਕ ਲੈ ਕੇ, ਸਲਾਹ-ਮਸ਼ਵਰਾ ਕਰਕੇ ਕਰੇਗੀ।

7) ਮੌਜੂਦਾ ਸਥਿਤੀ ਬਾਰੇ ਵਿਆਪਕ ਦ੍ਰਿਸ਼ਟੀਕੋਣ ਵਾਲੇ ਮਨੁੱਖੀ ਸਾਧਨਾਂ ਨੂੰ ਵਿਕਸਤ ਕਰਨ ਲਈ ਅੰਤਰ-ਵਿਸ਼ੇ ਅਤੇ ਬਹੁ-ਵਿਸ਼ੇ (ਮਲਟੀ-ਡਸਿਪਲਨਰੀ) ਖੋਜਾਂ ਨੂੰ ਉਤਸ਼ਾਹਿਤ ਕਰੇਗੀ।

8) ਵਧੀਆ ਯੋਗਤਾ ਵਾਲੇ ਮਨੁੱਖੀ ਸਾਧਨਾਂ ਦੇ ਵਿਕਾਸ ਲਈ ਅਤੇ ਖੋਜ ਪ੍ਰੋਗਰਾਮਾਂ ਦੇ ਪੁਨਰਗਠਨ ਅਤੇ ਮਜ਼ਬੂਤੀ ਲਈ ਢੁਕਵਾਂ ਬਜਟ ਮੁਹੱਈਆ ਕਰਵਾਏਗੀ ਅਤੇ ਕੇਂਦਰੀ ਸਕੀਮਾਂ ਦੇ ਫੰਡ ਵੀ ਇਸ ਮੰਤਵ ਲਈ ਵਰਤੇ ਜਾਣਗੇ।

9) ਛੋਟੇ ਪਸ਼ੂ-ਪਾਲਕਾਂ, ਖਾਸ ਕਰਕੇ ਬਕਰੀ, ਸੂਰ ਅਤੇ ਮੱਛੀ ਪਾਲਣ ਸਬੰਧੀ ਖੋਜ ਨੂੰ ਮਜ਼ਬੂਤ ਕਰਨ ਲਈ ਸੈਂਟਰ ਆਫ ਐਕਸੀਲੈਂਸ ਸਥਾਪਤ ਕਰੇਗੀ।

10) ਫ਼ਸਲੀ ਵਿਭਿੰਨਤਾ ਲਈ ਬਾਗਬਾਨੀ ਫ਼ਸਲਾਂ ਬਾਰੇ ਖੋਜ ਅਤੇ ਸਿੱਖਿਆ ਨੂੰ ਮਜ਼ਬੂਤ ਕਰੇਗੀ ਅਤੇ ਝੋਨੇ ਦੀਆਂ ਬਦਲਵੀਆਂ ਫ਼ਸਲਾਂ ਅਤੇ ਖੇਤੀ ਪ੍ਰਣਾਲੀ (ਫਾਰਮਿੰਗ ਸਿਸਟਮ) ਬਾਰੇ ਖੋਜ ਕੀਤੀ ਜਾਵੇਗੀ।

### ਘ) ਖੇਤੀ ਵਿਸਥਾਰ ਸੇਵਾਵਾਂ

ਪਿਛਲੇ ਦਹਾਕੇ ਦੌਰਾਨ ਖੇਤੀ ਪ੍ਰਸਾਰ ਸੇਵਾਵਾਂ ਕਿਸਾਨਾਂ ਦੀ ਗਿਆਨ ਦੀ ਵਧਦੀ ਜ਼ਰੂਰਤ ਨੂੰ ਪੂਰਾ ਕਰਨ ਵਿਚ ਅਸਮਰੱਥ ਰਹੀਆਂ ਹਨ। ਇਸ ਕਾਰਨ ਖੇਤੀ ਸਮੱਗਰੀ ਦੀ ਲੋੜ ਤੋਂ ਜ਼ਿਆਦਾ ਅਤੇ ਦੁਰਵਰਤੋਂ ਵਧ ਗਈ ਅਤੇ ਇਸ ਦੇ ਨਾਲ ਹੀ ਨਕਲੀ ਅਤੇ ਗ਼ੈਰ ਮਿਆਰੀ ਕੀਟਨਾਸ਼ਕਾਂ, ਬੀਜਾਂ ਤੇ ਖਾਦਾਂ ਦੀ ਵਰਤੋਂ ਦੀ ਸਮੱਸਿਆ ਵੀ ਵਧਦੀ ਗਈ। ਇਸ ਲਈ ਸਰਕਾਰ:

1) ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦਾ ਪੁਨਰਗਠਨ ਕਰ ਕੇ ਸਾਰੀਆਂ ਪ੍ਰਸਾਰ ਸੇਵਾਵਾਂ ਨੂੰ ਇਕਜੁੱਟ ਕਰੇਗੀ ਤਾਂ ਕਿ ਸੇਵਾਵਾਂ ਮੁਹੱਈਆ ਕਰਾਉਣ ਦਾ ਵਿੱਤੀ ਅਤੇ ਪ੍ਰਸ਼ਾਸ਼ਨਿਕ ਭਾਰ ਘੱਟ ਕੀਤਾ ਜਾ ਸਕੇ ਅਤੇ ਬੇਹਤਰ ਪ੍ਰਸਾਰ ਸੇਵਾਵਾਂ ਮੁੱਹਈਆ ਕਰਵਾਈਆਂ ਜਾ ਸਕਣ ਅਤੇ ਇਨ੍ਹਾਂ ਦੀ ਨਿਗਰਾਨੀ 'ਚ ਸੁਧਾਰ ਲਿਆਂਦਾ ਜਾ ਸਕੇ।

2) ਨਵੀਂ ਭਰਤੀ ਕਰਨ ਸਮੇਂ ਘੱਟੋ-ਘੱਟ 50 ਫ਼ੀਸਦੀ ਮਹਿਲਾ ਪ੍ਰਸਾਰ ਅਫਸਰਾਂ ਦੀ ਭਰਤੀ ਕਰਨ ਦੀ ਕੋਸ਼ਿਸ਼ ਕਰੇਗੀ।

3) ਵੱਖ-ਵੱਖ ਰਿਫਰੈਸ਼ਰ ਕੋਰਸਾਂ ਅਤੇ ਨੌਕਰੀ ਦੌਰਾਨ ਲਾਜ਼ਮੀ ਸਿਖਲਾਈ ਰਾਹੀਂ ਫੀਲਡ ਕਰਮੀਆਂ ਦੇ ਗਿਆਨ ਅਤੇ ਸੂਚਨਾ ਤਕਨਾਲੋਜੀ ਬਾਰੇ ਹੁਨਰ ਵਿਚ ਸੁਧਾਰ ਕਰੇਗੀ।

4) "ਸਾਥੀ ਕਿਸਾਨਾਂ" ਦੇ ਗਰੁਪ ਬਣਾ ਕੇ ਕਿਸਾਨਾਂ ਨੂੰ ਜਾਣਕਾਰੀ ਮੁਹੱਈਆ ਕਰਾਉਣ ਵੱਲ ਧਿਆਨ ਦੇਵੇਗੀ ਤਾਂ ਜੋ ਗਿਆਨ ਦੇ ਪ੍ਰਸਾਰ ਨੂੰ ਕਈ ਗੁਣਾਂ ਵਧਾਇਆ ਜਾ ਸਕੇ।

5) ਹਰੇਕ ਕਿਸਾਨ ਤਕ ਢੁਕਵੀਂ ਪ੍ਰਸਾਰ ਸੇਵਾ ਪਹੁੰਚਾਉਣ ਲਈ ਨਵੀਆਂ ਤਕਨੀਕਾਂ, ਸੈਟੇਲਾਈਟ ਇਮੈਜਰੀ, ਸਮਾਰਟ ਫੋਨ ਅਤੇ ਸੋਸ਼ਲ ਮੀਡੀਆ ਦਾ ਇਸਤੇਮਾਲ ਕਰੇਗੀ।

6) ਖੇਤੀ ਸਮੱਗਰੀ ਦੇ ਹਰੇਕ ਪ੍ਰਚੂਨ ਵਿਕਰੇਤਾ ਵਲੋਂ ਵੇਚੀ ਗਈ ਸਮੱਗਰੀ ਦੀ ਰਿਪੋਰਟ, ਵਿਕਰੀ ਦੇ ਸਮੇਂ ਹੀ (ਰੀਅਲ ਟਾਈਮ) ਸਰਕਾਰ ਨੂੰ ਦੇਣਾ ਲਾਜ਼ਮੀ ਕਰੇਗੀ।

7) ਪ੍ਰਾਈਵੇਟ ਸੈਕਟਰ ਨੂੰ ਪ੍ਰਸਾਰ ਸੇਵਾਵਾਂ ਵਿਚ ਹੱਥ ਵਟਾਉਣ ਲਈ ਪ੍ਰੇਰਤ ਕਰੇਗੀ ਹਾਲਾਂਕਿ ਇਹ ਸੇਵਾਵਾਂ ਮੁਹੱਈਆ ਕਰਾਉਣ ਦਾ ਮੁੱਖ ਜ਼ਿੰਮਾ ਖੇਤੀਬਾੜੀ ਵਿਭਾਗ ਦਾ ਹੀ ਰਹੇਗਾ।

8) ਖੇਤੀਬਾੜੀ ਇਨਪੁੱਟ ਦੇ ਬੇਹਤਰ ਪ੍ਰਬੰਧ ਲਈ "ਕੰਟ੍ਰੈਕਟ ਸਰਵਿਸ ਪ੍ਰੋਵਾਈਡਰ ਸਿਸਟਮ" ਨੂੰ ਪ੍ਰਤੋਸਾਹਿਤ ਅਤੇ ਲਾਜ਼ਮੀ ਕਰੇਗੀ। ਇਹ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸ਼ੁਰੂਆਤ ਵਿਚ ਕੰਪਨੀਆਂ/ਰਿਟੇਲਰਾਂ ਵਲੋਂ ਆਪਣੀ ਕੁੱਲ ਬਿਕਰੀ ਦਾ 10 ਫ਼ੀਸਦੀ ਹਿੱਸਾ, ਖਾਸ ਤੌਰ ਤੇ ਕੀਟਨਾਸ਼ਕਾਂ, ਦਾ ਕਿਸਾਨਾਂ ਨੂੰ ਸੇਵਾਵਾਂ ਵਜੋਂ ਦਿੱਤਾ ਜਾਵੇ। ਇਹ ਹਿੱਸਾ ਬਾਅਦ ਵਿਚ ਹੌਲੀ ਹੌਲੀ ਵਧਾ ਕੇ 50 ਫ਼ੀਸਦੀ ਤੱਕ ਕਰ ਦਿੱਤਾ ਜਾਵੇ।

9) ਪਸ਼ੂ ਧਨ ਦੇ ਖੇਤਰ ਵਿਚ ਪ੍ਰਸਾਰ ਸੇਵਾਵਾਂ ਦੀ ਘਾਟ ਨੂੰ ਪੂਰਾ ਕਰਨ ਲਈ ਨਵੀਆਂ ਤਕਨੀਕਾਂ ਅਤੇ ਗਿਆਨ ਨੂੰ ਪ੍ਰਚਲਤ ਕਰਨ 'ਤੇ ਧਿਆਨ ਦਿੱਤਾ ਜਾਵੇਗਾ। ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਨੂੰ ਇਕੱਠਾ ਕਰ ਕੇ ਅਤੇ ਇਨ੍ਹਾਂ ਦਾ ਪੁਨਰਗਠਨ ਕਰਕੇ ਪਸ਼ੂਧਨ ਤੇ ਮੱਛੀ ਪਾਲਣ ਦਾ ਨਵਾਂ ਵਿਭਾਗ ਕਾਇਮ ਕੀਤਾ ਜਾਵੇਗਾ ਜੋ ਕਿ ਵਿਸਥਾਰ ਸੇਵਾਵਾਂ ਪ੍ਰਦਾਨ ਕਰੇਗਾ।

## ਙ) ਕਟਾਈ ਤੋਂ ਬਾਅਦ ਸੰਭਾਲ, ਮੁੱਲ ਵਾਧਾ ਅਤੇ ਮੰਡੀਕਰਨ

ਪੰਜਾਬ ਦੀ ਖੇਤੀਬਾੜੀ ਹੁਣ ਉਸ ਮੁਕਾਮ 'ਤੇ ਪਹੁੰਚ ਗਈ ਹੈ ਜਿੱਥੇ ਕਿਸਾਨਾਂ ਦੀ ਆਮਦਨ ਮਹਿਜ਼ ਉਨ੍ਹਾਂ ਫ਼ਸਲਾਂ ਦੀ ਪੈਦਾਵਾਰ ਕਰਕੇ, ਜਿਨ੍ਹਾਂ ਦੀ ਖਰੀਦ ਕੇਂਦਰ ਸਰਕਾਰ ਦੇ ਹੱਥ ਵੱਸ ਹੈ, ਨਾਲ ਨਹੀਂ ਵਧਾਈ ਜਾ ਸਕਦੀ। ਹੁਣ ਅਜਿਹੀਆ ਫ਼ਸਲਾਂ ਅਤੇ ਵਸਤੂਆਂ ਪੈਦਾ/ਤਿਆਰ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਦੀ ਬਾਜ਼ਾਰ ਵਿਚ ਮੰਗ ਹੋਵੇ। ਇਸ ਲਈ ਸਰਕਾਰ :

1) ਪੰਜਾਬ ਨਾਲ ਸਬੰਧ ਰੱਖਣ ਵਾਲੀਆਂ ਖੇਤੀ ਜਿਣਸਾਂ, ਖਾਸ ਕਰ ਕੇ ਬਾਗਬਾਨੀ ਤੇ ਪਸ਼ੂਧਨ ਉਤਪਾਦਾਂ ਜੋ ਕਿ ਅੰਤਰਰਾਸ਼ਟਰੀ ਵਪਾਰ ਸੰਧੀਆਂ ਦੇ ਅਨੁਕੂਲ ਹੋਣ, ਦੀ ਘਰੇਲੂ ਤੇ ਕੌਮਾਂਤਰੀ ਮੰਡੀਆਂ ਵਿਚ ਮੰਗ ਦਾ ਜਾਇਜ਼ਾ ਲੈਂਦੇ ਰਹਿਣ ਲਈ ਇਕ "ਮਾਰਕੀਟ ਇੰਟੈਲੀਜੈਂਸ ਸੈਲ" ਸਥਾਪਿਤ ਕਰੇਗੀ।

2) ਬਾਗਵਾਨੀ ਫ਼ਸਲਾਂ /ਪਸ਼ੂਆਂ ਦੇ ਉਤਪਾਦਾਂ ਦੀ ਪੈਦਾਵਾਰ ਵਾਲੇ ਵਿਸ਼ੇਸ਼ ਖੇਤਰਾਂ ਲਈ ਸਮੂਹਿਕ ਤੌਰ 'ਤੇ ਮੁਕੰਮਲ ਕੋਲਡ ਚੇਨ ਸੁਵਿਧਾਵਾਂ ਮੁਹੱਈਆ ਕਰਵਾਉਣ ਦੀ ਰਣਨੀਤੀ ਅਪਣਾਏਗੀ ਤਾਂ ਜੋ ਇਨ੍ਹਾਂ ਸੁਵਿਧਾਵਾਂ ਦਾ ਵੱਧ ਤੋਂ ਵੱਧ ਇਸਤੇਮਾਲ ਹੋ ਸਕੇ।

3) ਰਾਜ ਦੀ ਪੈਦਾਵਾਰ (ਫੂਡ ਆਫ ਪੰਜਾਬ) ਤੇ ਪ੍ਰੀਮੀਅਮ ਪ੍ਰਾਪਤ ਕਰਨ, ਇਨ੍ਹਾਂ ਦੇ ਲਈ ਮੰਡੀਕਰਨ ਦੇ ਨਵੇ ਮੌਕੇ ਅਤੇ ਨਵੀਆਂ ਮੰਡੀਆਂ ਦੀ ਭਾਲ ਕਰਨ ਲਈ ਅਤੇ ਰਾਜ ਦੇ ਉਤਪਾਦਾਂ ਦੀ ਵਿਸ਼ੇਸਤਾ ਨੂੰ ਉਭਾਰਨ ਲਈ ਰਣਨੀਤੀ ਬਣਾਏਗੀ ਅਤੇ ਮੁਹਿੰਮ ਚਲਾਏਗੀ।

4) ਖੇਤੀਬਾੜੀ ਦੇ ਉਤਪਾਦਾਂ ਦਾ ਮੁੱਲ ਵਧਾਉਣ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਖੇਤ ਵਿਚ ਹੀ ਮੁਢਲੀ ਪ੍ਰੋਸੈਸਿੰਗ ਤੇ ਧਿਆਨ ਦੇਵੇਗੀ।

5) ਮਾਰਕਫੈਡ ਤੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਜਿਹੇ ਅਦਾਰਿਆਂ, ਜਿਨ੍ਹਾਂ ਦਾ ਮੁੱਖ ਕੰਮ ਅੰਨ ਦੀ ਖਰੀਦ/ਸੰਭਾਲ ਨਹੀਂ ਹੈ, ਨੂੰ ਪੁਨਰਗਠਿਤ ਕਰੇਗੀ ਤਾਂ ਜੋ ਇਹ ਆਪਣੇ ਮੂਲ ਕੰਮ ਜਿਵੇਂ ਕਿ ਪ੍ਰੋਸੈਸਿੰਗ ਅਤੇ ਖੇਤੀ ਜਿਣਸਾਂ ਦੀ ਇਕੱਠੀ ਮਾਰਕੀ ਟਿੰਗ ਨੂੰ ਕਾਰਗਰ ਢੰਗ ਨਾਲ ਨਿਭਾਉਣ।

6) ਸੂਬੇ ਵਿਚ 4-5 ਆਧੁਨਿਕ ਲੱਕੜ ਮੰਡੀਆਂ ਵਿਚ ਨਿਵੇਸ਼ ਕਰੇਗੀ ਜਿਨ੍ਹਾਂ ਵਿਚ ਇਸ ਨੂੰ ਸੁਕਾਉਣ, ਸੀਜ਼ਨਿੰਗ ਕਰਨ ਅਤੇ ਚਿਰਾਈ ਦੀ ਸਹੂਲਤ ਹੋਵੇ ਅਤੇ ਇਨ੍ਹਾਂ ਮੰਡੀਆਂ ਦਾ ਉਪਯੋਗ ਕਿਸਾਨ/ਕਿਸਾਨ ਸਮੂਹਾਂ ਵਲੋਂ ਲੱਕੜ ਦੀ ਪ੍ਰੋਸੈਸਿੰਗ ਕਰਕੇ ਇਸ ਦੇ ਮੁੱਲ ਵਿੱਚ ਵਾਧੇ ਲਈ ਕੀਤਾ ਜਾ ਸਕੇ।

7) ਸੂਬੇ ਵਿਚ 4-5 ਆਧੁਨਿਕ ਮੱਛੀ ਮਾਰਕੀਟਾਂ ਨੂੰ ਸਥਾਪਿਤ ਅਤੇ ਉਤਸ਼ਾਹਿਤ ਕਰੇਗੀ।

8) ਪੰਜਾਬ ਮੰਡੀ ਬੋਰਡ ਨੂੰ ਆਪਣੇ ਵਸੀਲਿਆਂ ਰਾਹੀਂ "ਰੇਲ ਹੈੱਡ" ਅਤੇ ਮੰਡੀਆਂ ਤੇ "ਸਾਇਲੋਜ਼" ਉਸਾਰਨ ਲਈ ਇਕ 'ਸਪੈਸ਼ਲ ਪਰਪਜ਼ ਵਹੀਕਲ' ਕਾਇਮ ਕਰਨ ਲਈ ਪ੍ਰੋਤਸਾਹਿਤ ਕਰੇਗੀ ਤਾਂ ਕਿ ਅਨਾਜ ਦੀ ਖਰੀਦ ਅਤੇ ਢੋਆ-ਢੁਆਈ ਦੇ ਕੰਮ ਵਿਚ ਕੁਸ਼ਲਤਾ ਲਿਆਂਦੀ ਜਾ ਸਕੇ।

9) ਪੰਜਾਬ ਮੰਡੀ ਬੋਰਡ ਨੂੰ ਪ੍ਰਾਈਵੇਟ ਸਾਂਝੇਦਾਰੀ ਜਾਂ ਕਿਸੇ ਹੋਰ ਤਰੀਕੇ ਰਾਹੀਂ ਉਤਪਾਦਕਾਂ ਦੀਆਂ ਮੰਡੀਆਂ ਅਤੇ ਪ੍ਰਾਈਵੇਟ ਮੰਡੀਆਂ ਦੀ ਸਥਾਪਨਾ ਨੂੰ ਸੁਨਿਸ਼ਚਿਤ ਕਰਨ ਲਈ ਕਿਹਾ ਜਾਵੇਗਾ । ਵਿਸ਼ੇਸ਼ ਜਿਣਸਾਂ ਲਈ ਮਾਰਕੀਟ ਯਾਰਡ ਅਤੇ ਈ-ਮਾਰਕੀਟਸ ਸਮੇਤ ਇਨ੍ਹਾਂ ਮੰਡੀਆਂ ਲਈ ਸਹਾਇਕ ਢਾਂਚੇ ਦੇ ਕਾਂਇਮ ਕਰਨ ਨੂੰ ਪ੍ਰੋਤਸਾਹਿਤ ਕਰੇਗੀ ।

10) ਜੈਵਿਕ ਖੇਤੀ ਕਰਨ ਵਾਲੇ ਕਿਸਾਨ ਸਮੂਹਾਂ ਦੇ ਉਤਪਾਦਾਂ ਨੂੰ ਵੇਚਣ ਲਈ ਵਧੀਆ ਥਾਂ 'ਤੇ ਦੁਕਾਨ ਮੁਹੱਈਆ ਕਰਵਾਏਗੀ।

11) ਮੰਡੀਆਂ ਵਿਚ ਖੇਤੀ ਜਿਣਸਾਂ ਦੀ ਵਿਕਰੀ ਲਈ ਸਿੱਧੀ ਅਦਾਇਗੀ ਪ੍ਰਾਪਤ ਕਰਨ ਵਾਸਤੇ ਨੋਟਿਸ ਦੀ ਮਿਆਦ ਨੂੰ 45 ਦਿਨਾਂ ਤੋਂ ਘਟਾ ਕੇ 7 ਦਿਨ ਕਰੇਗੀ ।

12) ਕਣਕ ਅਤੇ ਝੋਨੇ ਦੀ ਖਰੀਦ ਲਈ ਆੜ੍ਹਤੀਆਂ ਦੇ ਕਮਿਸ਼ਨ 'ਤੇ 20 ਫ਼ੀਸਦੀ ਸੈੱਸ ਲਗਾ ਕੇ ਗੈਰ-ਸਮਰਥੱਨ ਮੁੱਲ ਫ਼ਸਲਾਂ ਅਤੇ ਦੁੱਧ ਦੀਆਂ ਕੀਮਤਾਂ ਵਿਚ ਸਥਿਰਥਾ ਲਿਆਉਣ ਲਈ ਅਤੇ ਜਰੂਰੀ ਖੋਜ ਕਰਨ ਲਈ "ਪਰਾਈਸ ਸਟੈਬਲਾਈਜੇਸ਼ਨ ਫੰਡ" ਬਣਾਏਗੀ ।

13) ਛੋਟੇ ਅਤੇ ਸੀਮਤ ਕਿਸਾਨਾਂ ਨੂੰ ਸੰਗਠਿਤ ਹੋ ਕੇ ਕਿਸਾਨ ਉਤਪਾਦਨ ਸੰਸਥਾਵਾਂ (ਫਾਰਮਰ ਪ੍ਰੋਡਿਉਸਰ ਆਰਗੇਨਾਈਜ਼ੇਸ਼ਨ) ਬਨਾਉਣ, ਖਾਸ ਕਰਕੇ ਛੋਟੇ ਰੇਣੂ ਭਾਵ ਭੇਡ, ਬੱਕਰੀਆਂ, ਪਸ਼ੂਧਨ ਉਤਪਾਦਾਂ ਅਤੇ ਖਰਾਬ ਹੋਣ ਵਾਲੇ ਉਤਪਾਦਾਂ ਲਈ, ਨੂੰ ਸਰਗਰਮੀ ਨਾਲ ਪ੍ਰੋਤਸਾਹਿਤ ਕਰੇਗੀ ।

14) ਨਵੀਆਂ ਖੇਤੀਬਾੜੀ ਤਕਨੀਕਾਂ/ਖੇਤੀ ਪ੍ਰਾਸੈਸਿੰਗ ਸ਼ੁਰੂ ਕਰਨ ਵਾਲੇ ਉਦਮੀਆਂ ਲਈ ਬਿਜ਼ਨਸ ਇਨਕਿਓਬੇਸ਼ਨ ਸੈਂਟਰ ਸਥਾਪਿਤ ਕਰੇਗੀ ਤਾਂ ਜੋ ਪ੍ਰਾਈਵੇਟ ਖੇਤਰ ਦੇ ਉਦਮੀਆਂ ਦਾ ਦਿਹਾਤੀ ਅਰਥਚਾਰੇ ਦੀ ਭਲਾਈ ਲਈ ਲਾਹਾ ਲਿਆ ਜਾ ਸਕੇ।

## ਚ) ਕਰਜ਼ ਅਤੇ ਆਫ਼ਤ ਪ੍ਰਬੰਧਨ

ਸਹਿਕਾਰੀ ਖੇਤਰ ਦਾ ਕਿਸਾਨਾਂ ਨਾਲ ਕਰੀਬੀ ਰਾਬਤਾ ਹੋਣ ਕਰ ਕੇ ਸੰਸਥਾਗਤ ਕਰਜ਼ੇ ਦੇ ਸਰੋਤਾਂ ਵਿਚ ਸਹਿਕਾਰੀ ਸਭਾਵਾਂ ਨੂੰ ਮਹੱਤਵਪੂਰਨ ਸਥਾਨ ਹਾਸਿਲ ਹੈ। ਸਹਿਕਾਰੀ ਸੰਸਥਾਵਾ ਅਤੇ ਕਰਜ਼ ਢਾਂਚੇ ਨੂੰ ਮਜ਼ਬੂਤ ਬਨਾਉਣ ਅਤੇ ਖੇਤੀ ਨਾਲ ਜੁੜੀਆਂ ਬਿਪਤਾਵਾਂ ਦੇ ਪ੍ਰਬੰਧਨ ਲਈ ਅਸਰਦਾਰ ਕਦਮ ਚੁੱਕਣ ਲਈ ਸਰਕਾਰ:

1) "ਪੰਜਾਬ ਸਹਿਕਾਰੀ ਸਭਾ ਰੂਲਜ਼, 1963" ਵਿਚ ਸੋਧ ਕਰ ਕੇ ਸਹਿਕਾਰੀ ਸੰਸਥਾਵਾਂ ਦੇ ਗ਼ੈਰ-ਸਰਗਰਮ ਮੈਂਬਰਾਂ ਦੀ ਸਭਾਵਾਂ ਦੇ ਦਿਨ-ਪ੍ਰਤੀ ਦਿਨ ਕੰਮ ਕਾਜ ਵਿਚ ਭੂਮਿਕਾ ਨੂੰ ਸੀਮਤ ਕਰੇਗੀ।

2) ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਹੋਰ ਸਰਗਰਮੀਆਂ ਨੂੰ ਵੀ ਹੱਥ ਵਿਚ ਲੈਣ ਲਈ ਹੱਲਾਸ਼ੇਰੀ ਦੇਵੇਗੀ। ਸਹਿਕਾਰੀ ਸਭਾਵਾਂ ਦੀ ਪਹੁੰਚ ਦੇ ਮੱਦੇਨਜ਼ਰ ਖੇਤੀਬਾੜੀ ਦੇ ਵਿਕਾਸ ਲਈ ਇਨਾਂ ਦੀ ਕਾਰਗਰ ਵਰਤੋਂ ਕੀਤੀ ਜਾਵੇਗੀ।

3) ਸਹਿਕਾਰੀ ਵਿਭਾਗ ਦੇ ਅਧਿਕਾਰ ਖੇਤਰ ਵਿਚ ਆਉਂਦੇ ਮਾਮਲਿਆਂ ਦੀਆਂ ਅਪੀਲਾਂ ਦਾ ਸਮਾਂਬੱਧ ਨਿਬੇੜਾ ਕਰਨ ਅਤੇ ਇਸ ਵਿਭਾਗ ਨੂੰ ਲੋਕਾਂ ਦੀਆਂ ਜ਼ਰੂਰਤਾਂ ਪ੍ਰਤੀ ਜਵਾਬਦੇਹ ਬਣਾਉਣ ਲਈ ਨਿਯਮਾਂ ਵਿਚ ਸੋਧ ਕਰੇਗੀ।

4) ਸਹਿਕਾਰੀ ਕਰਜ਼ਾ ਪ੍ਰਣਾਲੀ ਕੋਲ ਉਪਲਬਧ ਮਨੁੱਖੀ ਅਤੇ ਵਿੱਤੀ ਵਸੀਲਿਆਂ ਦੀ ਅੱਛੀ ਵਰਤੋਂ ਅਤੇ ਇਸ ਦੀ ਕਾਰਜਕੁਸ਼ਲਤਾ ਵਿਚ ਸੁਧਾਰ ਲਈ ਇਕ ਸੰਯੁਕਤ ਸਹਿਕਾਰੀ ਬੈਂਕਿੰਗ ਸੰਸਥਾ ਬਣਾਏਗੀ ।

5) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਿਸਾਨਾਂ ਲਈ ਘੱਟ ਵਿਆਜ ਦਰਾਂ ਉਤੇ ਕਰਜ਼ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਸੰਵਿਧਾਨ ਵਿਚ ਉਪਬੰਧ ਦੇ ਸਨਮੁੱਖ ਆਰਥਿਕ ਤੌਰ ਤੇ ਕੰਮਜ਼ੋਰ ਭਾਈਚਾਰੇ ਨੂੰ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨਾਲ ਜੋੜਨ ਨੂੰ ਲਾਜ਼ਮੀ ਕਰੇਗੀ ।

6) "ਪੰਜਾਬ ਖੇਤੀਬਾੜੀ ਕਰਜ਼ ਨਿਪਟਾਰਾ ਕਾਨੂੰਨ, 2016" ਵਿਚ ਸੋਧ ਕਰੇਗੀ ਤਾਂ ਕਿ ਕਿਸਾਨਾਂ ਨੂੰ ਮੂਲ ਕਰਜ਼ੇ ਦੀ ਰਕਮ ਤੋਂ ਦੁੱਗਣੀ ਤੋਂ ਵੱਧ ਰਕਮ ਅਦਾ ਨਾ ਕਰਨੀ ਪਵੇ।

7) ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਸੰਸਥਾਈ ਕਰਜ਼ਿਆਂ ਦੀ ਸਖਤ ਨਿਗਰਾਨੀ ਦੇ ਪ੍ਰਬੰਧ ਲਈ ਢੁਕਵਾਂ ਢਾਂਚਾ ਕਾਇਮ ਕਰੇਗੀ । ਇਸ ਅਧੀਨ ਮਾਈਕਰੋ ਫਾਇਨਾਂਸ ਸੰਸਥਾਵਾਂ ਅਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਦੀ ਨਿਗਰਾਨੀ ਤੇ ਖਾਸ ਧਿਆਨ ਦੇਵੇਗੀ ।

8) "ਲੈਂਡ ਲੀਜ਼ਿੰਗ ਐਕਟ" ਬਨਾਉਣ ਤੋਂ ਬਾਅਦ ਇਹ ਸੁਨਿਸ਼ਚਿਤ ਕਰੇਗੀ ਕਿ ਪਟੇਦਾਰ/ ਵਟਾਈਦਾਰ ਕਿਸਾਨ ਨੂੰ ਫ਼ਸਲੀ ਕਰਜ਼ਾ ਬਿਨਾਂ ਕਿਸੇ ਔਕੜ ਤੋਂ ਪ੍ਰਾਪਤ ਹੋਵੇ ।

9) ਭੂਮੀਹੀਣ ਕਿਸਾਨ ਅਤੇ ਖੇਤੀ ਕਾਮਿਆਂ ਨੂੰ ਛੋਟੇ ਰੇਣੂ ਭਾਵ ਭੇਡ, ਬੱਕਰੀਆਂ ਅਤੇ ਸੂਰ ਆਦਿ ਪਾਲਣ ਲਈ ਲੰਮੀ-ਮਿਆਦ ਦੇ ਕਰਜ਼ੇ ਮੁਹੱਈਆ ਕਰਾਉਣ 'ਤੇ ਜ਼ੋਰ ਦੇਵੇਗੀ ।

10) ਖੇਤੀ ਕਾਮਿਆਂ ਅਤੇ ਭੂਮੀਹੀਣ ਮਜ਼ਦੂਰਾਂ ਲਈ ਕਰਜ਼ਾ ਨਿਬੇੜਾ ਸਕੀਮ ਬਣਾਉਣ ਤੇ ਵਿਚਾਰ ਕਰੇਗੀ।

11) ਕਿਸਾਨਾਂ ਲਈ ਇਕ ਵਿਹਾਰਕ ਫ਼ਸਲੀ ਬੀਮਾ ਯੋਜਨਾ ਲਾਗੂ ਕਰਨ ਦੀਆਂ ਵੱਖ-ਵੱਖ ਸੰਭਾਵਨਾਵਾਂ ਦੀ ਪੜਚੋਲ ਕਰੇਗੀ ।

12) ਕਿਸਾਨਾਂ ਲਈ "ਫ਼ਸਲ ਮੁਆਵਜ਼ਾ ਫੰਡ" ਸਥਾਪਤ ਕਰੇਗੀ, ਜਿਸ ਨਾਲ ਉਨ੍ਹਾਂ ਦੀ ਫ਼ਸਲ ਦੇ ਸੌ ਫ਼ੀਸਦੀ ਨੁਕਸਾਨ ਲਈ ਪ੍ਰਤੀ ਏਕੜ 12,000 ਰੁਪਏ ਮੁਆਵਜੇ ਵਜੋਂ ਦਿੱਤੇ ਜਾਣਗੇ । ਸਰਕਾਰੀ ਖਰੀਦ ਏਜੰਸੀਆਂ ਦੁਆਰਾ ਖੇਤੀਬਾੜੀ ਜਿਣਸਾਂ ਨੂੰ ਖਰੀਦਣ ਸਮੇਂ ਪ੍ਰੀਮੀਅਮ ਇਕੱਠਾ ਕਰਨ ਦੇ ਤਰੀਕਿਆਂ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾਵੇਗਾ ।

13) ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਸੂਬੇ ਲਈ ਢੁਕਵੀਂ ਨਾ ਹੋਣ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਦਾ ਬੀਮਾਂ ਕਰਨ ਲਈ ਆਪਣੀ ਸਕੀਮ ਬਣਾਏਗੀ ਜਿਸ ਵਿਚ ਪ੍ਰੀਮੀਅਮ ਵਜੋਂ ਕਿਸਾਨਾਂ ਦੀ ਦੇਣਦਾਰੀ ਘੱਟ ਹੋਵੇ ਅਤੇ ਕਲੇਮ ਦਾ ਭੁਗਤਾਨ ਜਲਦੀ ਹੋਵੇ ।

14) ਪਸ਼ੂਧਨ ਦੇ ਬੀਮੇ ਨੂੰ ਪ੍ਰੋਤਸ਼ਾਹਿਤ ਕੀਤਾ ਜਾਵੇਗਾ ਅਤੇ ਇਸ ਮੰਤਵ ਲਈ ਇਕ ਜਾਗਰੁਕਤਾ ਮੁਹਿੰਮ ਚਲਾਈ ਜਾਵੇਗੀ ।

## ਛ) ਖੇਤੀ ਮਸ਼ੀਨੀਕਰਨ

ਖੇਤੀਬਾੜੀ ਮਸ਼ੀਨਰੀ ਦੀ ਖਰੀਦ ’ਤੇ ਜਿਆਦਾ ਪੂੰਜੀ-ਨਿਵੇਸ਼ ਹੁੰਦਾ ਹੈ ਅਤੇ ਇਸ ਦੀ ਆਰਥਿਕ ਤੌਰ ਤੇ ਲਾਹੇਵੰਦ ਵਰਤੋਂ ਨਾਲੋਂ ਘੱਟ ਇਸਤੇਮਾਲ ਉਤਪਾਦਨ ਦੀ ਲਾਗਤ ਨੂੰ ਵਧਾ ਕੇ ਕਿਸਾਨਾਂ ਦੀ ਆਮਦਨ ਘੱਟ ਕਰ ਦਿੰਦੀ ਹੈ। ਇਸ ਲਈ ਸਰਕਾਰ :

1) ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ, ਐਫ.ਪੀ.ਓਜ਼. ਅਤੇ ਖੇਤੀ ਉਦਮੀਆਂ ਰਾਹੀਂ ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਰੀ ਕਿਰਾਏ ’ਤੇ ਮੁਹੱਈਆ ਕਰਵਾਉਣ ਨੂੰ ਉਤਸ਼ਾਹਿਤ ਕਰੇਗੀ।

2) ਡੇਅਰੀ ਲਈ ਚਾਰਾ ਬੀਜਣ, ਕੱਟਣ ਅਤੇ ਆਚਾਰ ਬਣਾਉਣ ਲਈ ਮਹਿੰਗੀ ਮਸ਼ੀਨਰੀ ਕਿਰਾਏ ’ਤੇ ਮੁਹੱਈਆ ਕਰਾਉਣ ਲਈ ਡੇਅਰੀ ਮਸ਼ੀਨਰੀ ਸੇਵਾ ਕੇਂਦਰਾਂ ਦੀ ਸਥਾਪਤੀ ਨੂੰ ਉਤਸ਼ਾਹਿਤ ਕਰੇਗੀ।

3) ਵੱਖ-ਵੱਖ ਵਿਭਾਗਾਂ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਦਿੱਤੇ ਜਾ ਰਹੇ ਖੇਤੀ ਸੰਦਾਂ ਦੀ ਸਮੀਖਿਆ ਕਰੇਗੀ ਅਤੇ ਫ਼ਸਲੀ ਉਤਪਾਦਨ ਪ੍ਰੋਗਰਾਮ ਦੇ ਅਨੁਸਾਰ ਕੇਵਲ ਨਵੀਂ ਵਿਕਸਤ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਦੇ ਹਰ ਸੰਭਵ ਯਤਨ ਕਰੇਗੀ

4) ਵੱਖ-ਵੱਖ ਖੇਤੀ ਗਤੀਵਿਧੀਆਂ ਦੇ ਮਸ਼ੀਨੀਕਰਨ ਖਾਸ ਤੌਰ ਤੇ ਪਸ਼ੂਧਨ, ਸਬਜ਼ੀਆਂ ਅਤੇ ਫਲਾਂ ਦੀ ਪੈਦਾਵਾਰ ਲਈ ਲੋੜੀਂਦੇ ਮਸ਼ੀਨੀਕਰਨ ਨੂੰ ਤਰਜੀਹੀ ਅਧਾਰ ’ਤੇ ਉਤਸ਼ਾਹਿਤ ਕਰੇਗੀ।

5) ਕੁਦਰਤੀ ਸਰੋਤਾਂ ਦੀ ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਖੇਤੀ ਮਸ਼ੀਨਾਂ ਪਹਿਲ ਦੇ ਅਧਾਰ ਤੇ ਮੁਹੱਈਆ ਕਰਵਾਏਗੀ।

6) ਪੰਜਾਬ ਨੂੰ ਮਸ਼ੀਨਰੀ ਬਰਾਮਦ ਅਤੇ ਵਿਕਰੀ ਦਾ ਕੇਂਦਰ ਬਣਾਉਣ ਦੀ ਕੋਸ਼ਿਸ਼ ਕਰੇਗੀ ਕਿਉਂਕਿ ਰਾਜ ਵਿਚ ਪਹਿਲਾਂ ਹੀ ਖੇਤੀਬਾੜੀ ਮਸ਼ੀਨਰੀ ਦੇ ਨਿਰਮਾਣ ਦਾ ਕੰਮ ਕਾਫੀ ਵਿਕਸਤ ਹੈ। ਛੋਟੇ ਅਤੇ ਮੱਧਮ ਖੇਤੀ ਮਸ਼ੀਨਰੀ ਨਿਰਮਾਤਾਵਾਂ ਨੂੰ ਵਿੱਤੀ ਪ੍ਰੋਤਸਾਹਨ ਦੇ ਨਾਲ-ਨਾਲ ਮਨੁੱਖੀ ਕਿਰਤ ਸ਼ਕਤੀ ਨੂੰ ਟ੍ਰੇਨਿੰਗ ਦੇਣ ਲਈ ਵਿਸ਼ੇਸ਼ ਫੰਡ ਮੁਹੱਈਆ ਕਰਾਏਗੀ।

## VI. ਸਿੱਟਾ

ਖੇਤੀ ਵਿਚ ਲਗਾਤਾਰ ਖੜੋਤ ਦੇ ਇਕ ਦਹਾਕੇ ਨੇ ਕਿਸਾਨੀ ਨੂੰ ਇਕ ਮੁਸ਼ਕਿਲ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।ਆਉਣ ਵਾਲੀਆਂ ਪੀੜੀਆਂ ਬਿਹਤਰ ਹਾਲਾਤ ਦੀਆਂ ਹੱਕਦਾਰ ਹਨ।ਪੰਜਾਬ ਅੱਜ ਵੀ ਆਪਣੇ ਕਿਸਾਨਾਂ ਦੀਆਂ ਉਮੀਦਾਂ ਉਤੇ ਖਰਾ ਉਤਰਨ ਲਈ ਜੱਦੋ-ਜਹਿਦ ਕਰ ਰਿਹਾ ਹੈ ਅਤੇ ਸਮਾਂ ਆ ਗਿਆ ਹੈ ਕਿ ਕੁਦਰਤੀ ਵਸੀਲਿਆਂ ਦੀ ਨਿਘਰਦੀ ਹਾਲਤ, ਬਦਲਦੇ ਆਰਥਿਕ ਮਾਹੌਲ, ਬਜ਼ਾਰ ਦਾ ਬਦਲਦਾ ਰੁਖ਼ ਅਤੇ ਪੰਜਾਬੀ ਨੌਜਵਾਨਾਂ ਦੀਆਂ ਖਾਹਿਸ਼ਾਂ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ।

ਖੇਤੀਬਾੜੀ ਉਤੇ ਨਿਰਭਰ ਕਰਦੀ 20 ਫ਼ੀਸਦੀ ਆਬਾਦੀ ਲਈ ਗੈਰ-ਖੇਤੀ ਅਧਾਰਿਤ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਖੇਤੀ ਨੂੰ ਟਿਕਾਊ ਬਣਾਉਣ ਲਈ ਬੇਹੱਦ ਮਹੱਤਵਪੂਰਨ ਹੈ।

ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਇਕ ਸੰਵਿਧਾਨਿਕ ਸੰਸਥਾ ਹੈ ਅਤੇ ਇਸ ਨੀਤੀ ਨੂੰ ਲਾਗੂ ਕਰਨਾ ਇਸ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ।ਇਸ ਲਈ ਇਹ ਨੀਤੀ ਲਈ ਕੋਈ ਐਕਸ਼ਨ ਪਲਾਨ ਤਿਆਰ ਨਹੀਂ ਕੀਤਾ ਗਿਆ।ਵੱਖ-ਵੱਖ ਸਰਕਾਰੀ ਵਿਭਾਗਾਂ ਵਲੋਂ ਇਸ ਨੀਤੀ ਅਨੁਸਾਰ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੀ ਸਹਿਮਤੀ ਨਾਲ ਵਿਸਤਰਿਤ ਐਕਸ਼ਨ ਪਲਾਨ ਬਣਾਇਆ ਜਾਵੇਗਾ।

ਉਭਰ ਰਹੇ ਹਾਲਾਤਾਂ ਨੂੰ ਦੇਖਦਿਆਂ ਇਸ ਨੀਤੀ ਵਿਚ ਹਰ ਪੰਜਾਂ ਸਾਲਾਂ ਬਾਅਦ ਸੋਧ ਕੀਤੀ ਜਾਵੇਗੀ ਅਤੇ ਪੇਂਡੂ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਦੇ ਟੀਚੇ ਨੂੰ ਧਿਆਨ ਵਿਚ ਰੱਖਦਿਆਂ ਸਮੇਂ-ਸਮੇਂ ਲੋੜੀਂਦੇ ਬਦਲਾਅ ਕੀਤੇ ਜਾਣਗੇ।

# ਅਨੁਲੱਗ-1

## ਰਾਜ ਵਿਚ ਖੇਤੀਬਾੜੀ ਵਿਕਾਸ ਬਾਰੇ ਸੰਖੇਪ ਜਾਣਕਾਰੀ

| ਇਕਾਈਆਂ | 1960-61 | 1970-71 | 1980-81 | 1990-91 | 2000-01 | 2010-11 | 2015-16 |
|---|---|---|---|---|---|---|---|
| ਝੋਨਾ | | | | | | | |
| ਖੇਤਰਫਲ (ਲੱਖ ਹੈਕਟੇਅਰ) | 2.27 | 3.90 | 11.83 | 20.15 | 26.12 | 28.30 | 29.70 |
| ਉਤਪਾਦਿਕਤਾ (ਟਨ/ਹੈਕਟੇਅਰ) | 1.505 | 2.774 | 4.099 | 4.833 | 5.259 | 5.742 | 5.961 |
| ਉਤਪਾਦਨ (ਲੱਖ ਮੀਟਰਿਕ ਟਨ) | 3.54 | 10.32 | 49.50 | 97.59 | 137.36 | 162.5 | 177.05 |
| ਕੇਂਦਰੀ ਪੂਲ ਵਿਚ ਯੋਗਦਾਨ (ਪ੍ਰਤੀਸ਼ਤ) | ---- | 24.7 | 45.3 | 41.0 | 33.3 | 25.3 | 27.3 |
| ਕਣਕ | | | | | | | |
| ਖੇਤਰਫਲ (ਲੱਖ ਹੈਕਟੇਅਰ) | 14 | 22.99 | 28.12 | 32.73 | 34.08 | 35.10 | 35.06 |
| ਉਤਪਾਦਿਕਤਾ (ਟਨ/ਹੈਕਟੇਅਰ) | 1.24 | 2.24 | 2.73 | 3.72 | 4.56 | 4.69 | 4.58 |
| ਉਤਪਾਦਨ (ਲੱਖ ਮੀਟਰਿਕ ਟਨ) | 17.42 | 51.45 | 76.77 | 121.59 | 155.51 | 164.72 | 160.68 |
| ਕੇਂਦਰੀ ਪੂਲ ਵਿਚ ਯੋਗਦਾਨ (ਪ੍ਰਤੀਸ਼ਤ) | NA | 74 | 73.0 | 61.0 | 57.6 | 45.4 | 36.8 |
| ਬਾਗਵਾਨੀ | | | | | | | |
| ਖੇਤਰਫਲ (ਲੱਖ ਹੈਕਟੇਅਰ) | NA | NA | 0.63 | 1.52 | 1.75 | 2.58 | 3.26 |
| ਉਤਪਾਦਨ (ਲੱਖ ਮੀਟਰਿਕ ਟਨ) | NA | NA | 8.76 | 20.68 | 28.17 | 50.18 | 65.72 |
| ਦੁੱਧ | | | | | | | |
| ਉਤਪਾਦਨ (000 ਟਨ) | NA | 2400 | 3221 | 5142 | 7774 | 9423 | 10774 |
| ਪ੍ਰਤੀ ਦਿਨ ਪ੍ਰਤੀ ਵਿਆਕਤੀ ਉਪਲਬਧਾ (ਗਰਾਮ) | NA | 444 | 541 | 682 | 870 | 931 | 1025 |
| ਹੋਰ ਇਕਾਈਆਂ | | | | | | | |
| ਖਾਦ (ਲੱਖ ਮੀਟਰਿਕ ਟਨ) | 0.005 | 2.13 | 7.62 | 12.2 | 13.13 | 19.11 | 20.4 |
| ਟਰੈਕਟਰਾਂ ਦੀ ਗਿਣਤੀ | 1114 | 22345 | 118848 | 289064 | 434032 | 434000 | 517743 |
| ਫਸਲੀ ਘਣਤਾ (ਪ੍ਰਤੀਸ਼ਤ) | 126 | 140 | 161 | 178 | 186 | 190 | 190 |
| | NA | NA | 3.66 | 5.13 | 3.20 | 1.84 | 0.79 |
| ਪਸ਼ੂਧਨ ਦਾ ਖੇਤੀਬਾੜੀ ਦੇ ਘਰੇਲੂ ਉਤਪਾਦ ਵਿਚ ਯੋਗਦਾਨ (ਪ੍ਰਤੀਸ਼ਤ) | NA | 25.55 | 29.39 | 24.46 | 32.19 | 27.49 | 31.86 |

ਸਰੋਤ: ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਬਾਗਵਾਨੀ ਵਿਭਾਗ, ਪੰਜਾਬ

# ਅਨੁਲੱਗ-2

## ਰਾਜ ਦਾ ਪਾਣੀ ਦੀ ਵੱਖ-ਵੱਖ ਡੂੰਘਾਈ ਹੇਠ ਰਕਬਾ (ਪ੍ਰਤੀਸ਼ਤ)

| ਸਾਲ | ਜ਼ਮੀਨਦੋਜ਼ ਪਾਣੀ ਦੀ ਡੂੰਘਾਈ | | | | |
|---|---|---|---|---|---|
| | 0-5 ਮੀਟਰ | 5-10 ਮੀਟਰ | 10-15 ਮੀਟਰ | 15-20 ਮੀਟਰ | >20 ਮੀਟਰ |
| 1973 | 42 | 40 | 13 | | 5 |
| 1980 | 42 | 44 | 12 | | 2 |
| 1990 | 24 | 58 | 15 | 2 | 1 |
| 2000 | 24 | 44 | 22 | 8 | 2 |
| 2005 | 16 | 28 | 31 | 16 | 8 |
| 2010 | 10 | 23 | 21 | 18 | 28 |
| 2015 | 14 | 21 | 17 | 17 | 31 |
| 2016 | 13 | 22 | 16 | 17 | 32 |

ਸਰੋਤ: ਖੇਤੀਬਾੜੀ ਵਿਭਾਗ, ਪੰਜਾਬ